
People's Herald People's Herald

Rs- 160/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice" स्वतंत्रता, समानता, भाईचारा

PATIALA On line paper 16 ਦਸੰਬਰ 2025 ਮੰਗਲਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਚੰਡੀਗੜ੍ਹ ਦੇ ਮੇਅਰ ਦੀ ਚੋਣ : ਕਾਂਗਰਸ ਪਾਰਟੀ ਇਥੇ ਮੇਅਰ ਦੀ ਚੋਣ ਵਿਚ ਗੇਮਚੇਂਜਰ ਦੇ ਰੋਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com



ਚੰਡੀਗੜ੍ਹ : ਪੰਜਾਬ 'ਚ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚੰਡੀਗੜ੍ਹ 'ਚ ਮੇਅਰ ਦੀ ਚੋਣ ਨੂੰ ਲੈ ਕੇ ਕਾਂਗਰਸ ਮੁਸ਼ਕਿਲ ਵਿਚ ਫਸ ਗਈ ਹੈ। ਕਾਂਗਰਸ ਪਾਰਟੀ ਇਥੇ ਮੇਅਰ ਦੀ ਚੋਣ ਵਿਚ ਗੇਮਚੇਂਜਰ ਦੇ ਰੋਲ 'ਚ ਹੈ, ਪਰ ਜੇਕਰ ਉਹ ਆਮ ਆਦਮੀ ਪਾਰਟੀ ਨੂੰ ਸਮਰਥਨ ਕਰਦੀ ਹੈ ਤਾਂ ਇਸ ਦਾ ਗਲ਼ਤ ਮੈਸੇਜ ਜਾਵੇਗਾ। ਦੂਜੇ ਪਾਸੇ ਭਾਜਪਾ ਹੈ, ਜਿਸ ਦੀ ਸਪੋਰਟ ਕਾਂਗਰਸ ਨਹੀਂ ਕਰ ਸਕਦੀ। ਅਜਿਹੀ ਸਥਿਤੀ 'ਚ ਕਾਂਗਰਸੀ ਆਗੂ ਕੋਈ ਫ਼ੈਸਲਾ ਨਹੀਂ ਲੈ ਪਾ ਰਹੇ।

ਕਾਂਗਰਸ ਪਾਰਟੀ ਦੀ ਸਥਿਤੀ ਅਜਿਹੀ ਹੈ ਕਿ ਨਾ ਤਾਂ ਮੇਅਰ ਦੀ ਚੋਣ ਜਿੱਤ ਸਕਦੀ ਹੈ ਅਤੇ ਨਾ ਹੀ ਉਸ ਨੂੰ ਸਿੱਧੇ ਤੌਰ 'ਤੇ ਭਾਰਤੀ ਜਨਤਾ ਪਾਰਟੀ ਛੱਡ ਸਕਦੀ ਹੈ। ਇਸ ਵਾਰ ਸੀਕ੍ਰੇਟ ਬੈਲੇਟ ਵੋਟਿੰਗਵੀ ਨਹੀਂ ਹੋ ਸਕਦੀ ਕਿਉਂਕਿ ਨਗਰ ਨਿਗਮ ਦੇ ਇਤਿਹਾਸ 'ਚ ਪਹਿਲੀ ਵਾਰ ਕੌਂਸਲਰਾਂ ਦੇ ਹੱਥ ਖੜ੍ਹੇ ਕਰਵਾ ਕੇ ਵੋਟਿੰਗ ਕਰਵਾਈ ਜਾਣੀ ਹੈ, ਜਿਸ ਦੇ ਚਲਦਿਆਂ ਕੌਂਸਲਰਾਂ ਦੇ ਲਈ ਪਾਲ਼ਾ ਬਦਲਣਾ ਵੀ ਔਖਾ ਹੈ।

ਇਸ ਦੀ ਵੱਡੀ ਵਜ੍ਹਾ 2027 'ਚ ਪੰਜਾਬ ਵਿਧਾਨ ਸਭਾ ਚੋਣਾਂ ਹੋਣੀਆਂ ਹਨ। 2026 'ਚ ਚੰਡੀਗੜ੍ਹ 'ਚ ਇਸ ਟਰਮ ਦਾ ਇਹ 5ਵਾਂ ਤੇ ਆਖਰੀ ਮੇਅਰ ਦੀ ਚੋਣ ਹੈ। ਜੇਕਰ ਕਾਂਗਰਸ ਦੀ ਮਦਦ ਨਾਲ ਆਮ ਆਦਮੀ ਪਾਰਟੀ ਮੇਅਰ ਦੀ ਚੋਣ ਜਿੱਤ ਜਾਂਦੀ ਹੈ ਤਾਂ ਆਮ ਆਦਮੀ ਪਾਰਟੀ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਇਸ ਦਾ ਲਾਹਾ ਲੈ ਸਕਦੀ ਹੈ, ਜਿੱਥੇ ਕਾਂਗਰਸ ਪਾਰਟੀ ਉਨ੍ਹਾਂ ਦੀ ਮੁੱਖ ਵਿਰੋਧ

## ਵਿਜੀਲੈਂਸ ਬਿਊਰੋ ਵੱਲੋਂ ਨਵੰਬਰ ਦੌਰਾਨ 8 ਰਿਸ਼ਵਤਖੋਰੀ ਦੇ ਕੇਸਾਂ ਵਿੱਚ 11 ਵਿਅਕਤੀ ਰੰਗੇ ਹੱਥੀਂ ਕਾਬੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com

ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਚੱਲ ਰਹੀ ਮੁਹਿੰਮ ਦੌਰਾਨ ਨਵੰਬਰ ਮਹੀਨੇ ਦੌਰਾਨ 8 ਵੱਖ-ਵੱਖ ਟਰੈਪ ਕੇਸਾਂ ਵਿੱਚ 9 ਸਰਕਾਰੀ ਮੁਲਾਜ਼ਮਾਂ ਅਤੇ 2 ਪ੍ਰਾਈਵੇਟ ਵਿਅਕਤੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਇਸ ਸਮੇਂ ਦੌਰਾਨ ਸਰਕਾਰੀ ਮੁਲਾਜ਼ਮਾਂ ਅਤੇ ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਬਿਊਰੋ ਨੇ ਪਿਛਲੇ ਮਹੀਨੇ ਵੱਖ-ਵੱਖ ਸਮਰੱਥ ਅਦਾਲਤਾਂ ਵਿੱਚ 12 ਵਿਜੀਲੈਂਸ ਕੇਸਾਂ ਨਾਲ ਸਬੰਧਤ ਚਲਾਨ ਪੇਸ਼ ਕੀਤੇ ਹਨ। ਇਸ ਦੇ ਨਾਲ ਹੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਕਰਨ ਲਈ 7 ਕੇਸਾਂ ਵਿੱਚ ਵਿਜੀਲੈਂਸ ਜਾਂਚ ਵੀ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ 17 ਮੁਲਜ਼ਮਾਂ ਵਿਰੁੱਧ 8 ਅਪਰਾਧਿਕ ਮਾਮਲੇ ਵੀ ਦਰਜ ਕੀਤੇ ਗਏ ਹਨ ਜਿਨ੍ਹਾਂ ਵਿੱਚ 11 ਸਰਕਾਰੀ ਕਰਮਚਾਰੀ ਸ਼ਾਮਲ ਹਨ।

ਇਸ ਸਬੰਧੀ ਹੋਰ ਵੇਰਵੇ ਦਿੰਦਿਆਂ ਉਨ੍ਹਾਂ ਅੱਗੇ ਦੱਸਿਆ ਕਿ ਵੱਖ-ਵੱਖ ਅਦਾਲਤਾਂ ਨੇ ਪਿਛਲੇ ਮਹੀਨੇ ਦੌਰਾਨ ਬਿਊਰੋ ਵੱਲੋਂ ਦਾਇਰ ਕੀਤੇ ਤਿੰਨ ਰਿਸ਼ਵਤਖੋਰੀ ਦੇ ਕੇਸਾਂ ਦਾ ਫੈਸਲਾ ਕੀਤਾ ਹੈ, ਜਿਸ ਵਿੱਚ ਪੰਜ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਤਿੰਨ ਸਾਲ ਤੋਂ ਪੰਜ ਸਾਲ ਦੀ ਕੈਦ ਅਤੇ 10,000 ਰੁਪਏ ਤੋਂ 67,000 ਰੁਪਏ ਤੱਕ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।

## ਰਾਜ ਸਭਾ 'ਚ ਗੂੰਜੀ ਪਹਿਲੇ ਸਿੱਖ ਕਸ਼ਮੀਰੀ ਨੁਮਾਇੰਦੇ ਦੀ ਆਵਾਜ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com

ਪਹਿਲੀ ਵਾਰ ਕਿਸੇ ਸਿੱਖ ਕਸ਼ਮੀਰੀ ਆਗੂ ਦੀ ਆਵਾਜ਼ ਰਾਜ ਸਭਾ 'ਚ ਗੂੰਜੀ ਹੈ। ਨਵੇਂ ਚੁਣੇ ਗਏ ਸੰਸਦ ਮੈਂਬਰ ਗੁਰਵਿੰਦਰ ਸਿੰਘ ਓਬਰਾਏ ਨੇ ਉਪਰਲੇ ਸਦਨ ਵਿਚ ਅਪਣਾ ਪਹਿਲਾ ਭਾਸ਼ਣ ਦਿਤਾ, ਜਿਸ ਵਿਚ ਦੇਸ਼ ਭਰ ਵਿਚ ਚੱਲ ਰਹੀ ਚੋਣ ਸੂਚੀਆਂ ਦੀ ਵਿਸ਼ੇਸ਼ ਸੋਧ (ਐਸ.ਆਈ.ਆਰ.) ਪ੍ਰਕਿਰਿਆ ਉਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਅਤੇ ਕੇਂਦਰ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ।

ਓਬਰਾਏ ਨੇ ਕਿਹਾ, ''ਜਨਤਾ ਅਤੇ ਚੋਣ ਕਮਿਸ਼ਨ ਵਿਚਾਲੇ ਭਰੋਸੇ ਦੀ ਕਮੀ ਵਧਦੀ ਜਾ ਰਹੀ ਹੈ, ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਲੋਕਤੰਤਰੀ ਸੰਸਥਾਵਾਂ ਦੀ ਪਵਿੱਤਰਤਾ ਨਾਲ ਸਮਝੌਤਾ ਕੀਤਾ ਹੈ।'' ਰਾਜ ਸਭਾ ਲਈ ਚੁਣੇ ਜਾਣ ਲਈ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਓਬਰਾਏ ਨੇ ਕਿਹਾ ਕਿ ਨੈਸ਼ਨਲ ਕਾਨਫਰੰਸ ਦੀ ਨੁਮਾਇੰਦਗੀ ਕਰਨ ਵਾਲੇ ਸਿੱਖ ਕਸ਼ਮੀਰੀ ਨੇਤਾ ਵਜੋਂ ਉਪਰਲੇ ਸਦਨ ਵਿਚ ਉਨ੍ਹਾਂ ਦੀ ਮੌਜੂਦਗੀ ਅਮਲੀ ਤੌਰ ਉਤੇ ਧਰਮ ਨਿਰਪੱਖਤਾ ਦੀ ਇਕ ਸੱਚੀ ਉਦਾਹਰਣ ਹੈ।

## ਪੰਜਾਬ ਸਰਕਾਰ ਵੱਲੋਂ ਆਈ.ਆਈ.ਟੀ ਰੋਪੜ ਦੇ ਸਹਿਯੋਗ ਨਾਲ ਮਹੱਤਵਪੂਰਨ ਜਲ ਅਧਿਐਨ ਲਈ 1.61 ਕਰੋੜ ਰੁਪਏ ਦੀ ਪ੍ਰਵਾਨਗੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com



ਪੰਜਾਬ ਵਿੱਚ ਗੰਭੀਰ ਹੋ ਰਹੀਆਂ ਪਾਣੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਪੰਜਾਬ ਸਰਕਾਰ ਨੇ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਜਲ ਸਰੋਤਾਂ ਅਤੇ ਸੀਪੇਜ ਪੈਟਰਨਾਂ ਬਾਰੇ 1.61 ਕਰੋੜ ਰੁਪਏ ਦੇ ਸੂਖਮ-ਪੱਧਰੀ ਵਿਗਿਆਨਕ ਅਧਿਐਨ ਲਈ ਸਿਧਾਂਤਕ ਮਨਜ਼ੂਰੀ ਦਾ ਐਲਾਨ ਕੀਤਾ। ਇਹ ਅਧਿਐਨ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ (PSFFWC) ਵੱਲੋਂ ਆਈਆਈਟੀ ਰੋਪੜ ਦੇ ਸਹਿਯੋਗ ਨਾਲ ਕੀਤਾ ਜਾਵੇਗਾ ਅਤੇ ਇਸਦਾ ਮੁੱਖ ਉਦੇਸ਼ ਸੂਬੇ ਦੇ ਭੂਮੀਗਤ ਪਾਣੀ ਦੇ ਪੱਧਰਾਂ ਦੇ ਪ੍ਰਭਾਵਸ਼ਾਲੀ ਅਤੇ ਟਿਕਾਊ ਪ੍ਰਬੰਧਨ ਲਈ ਢੁੱਕਵੇਂ ਹੱਲ ਤਿਆਰ ਕਰਨਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਖੇਤੀਬਾੜੀ ਪ੍ਰਧਾਨ ਰਾਜ ਹੋਣ ਦੇ ਨਾਤੇ ਪੰਜਾਬ ਨੂੰ ਪਾਣੀ ਦੀ ਘਾਟ ਅਤੇ ਬੇਤਰਤੀਬ ਵਰਤੋਂ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਅਨੁਸਾਰ ਇਹ ਅਧਿਐਨ ਖੇਤੀਬਾੜੀ ਦੇ ਪੁਨਰਜੀਵਨ ਅਤੇ ਕਿਸਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਵੱਲ ਇੱਕ ਅਹਿਮ ਕਦਮ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਨੈਸ਼ਨਲ ਇੰਸਟੀਚਿਊਟ ਆਫ ਹਾਈਡ੍ਰੋਲੋਜੀ, ਰੁੜਕੀ ਨਾਲ ਮਿਲ ਕੇ ਇੱਕ ਮੈਕਰੋ-ਪੱਧਰੀ ਅਧਿਐਨ ਕੀਤਾ ਗਿਆ ਸੀ, ਜਿਸਨੂੰ ਪੰਜਾਬ ਵਿਧਾਨ ਸਭਾ ਦੀ ਖੇਤੀਬਾੜੀ ਸੁਧਾਰ ਕਮੇਟੀ ਨੇ ਸਵੀਕਾਰ ਕੀਤਾ। ਉਸੇ ਦੇ ਆਧਾਰ 'ਤੇ ਹੁਣ ਹੋਰ ਵਿਸਤ੍ਰਿਤ ਸੂਖਮ-ਪੱਧਰੀ ਅਧਿਐਨ ਦੀ ਲੋੜ ਮਹਿਸੂਸ ਕੀਤੀ ਗਈ।

ਇਸ ਅਧਿਐਨ ਵਿੱਚ ਉੱਨਤ ਵਿਗਿਆਨਕ ਤਕਨੀਕਾਂ ਜਿਵੇਂ ਕਾਰਬਨ ਡੇਟਿੰਗ, ਆਈਸੋਟੋਪਿਕ ਵਿਸ਼ਲੇਸ਼ਣ, ਜ਼ਮੀਨਦੋਜ਼ ਪਾਣੀ ਦੇ ਭੰਡਾਰਾਂ ਦੀ ਜਾਂਚ ਅਤੇ ਸੂਬੇ ਭਰ ਵਿੱਚ ਸੀਪੇਜ ਦੇ ਨਮੂਨਿਆਂ ਦੀ ਡੂੰਘੀ ਪੜਤਾਲ ਕੀਤੀ ਜਾਵੇਗੀ। ਇਸਦੇ ਮੁੱਖ ਉਦੇਸ਼ਾਂ ਵਿੱਚ ਸਾਰੇ ਉਪਲਬਧ ਜਲ ਸਰੋਤਾਂ ਦਾ ਵਿਸਥਾਰਤ ਬਿਊਰਾ ਤਿਆਰ ਕਰਨਾ, ਐਕੁਇਫਰਾਂ ਦੀ ਵਿਸ਼ੇਸ਼ਤਾ ਨਿਰਧਾਰਤ ਕਰਨਾ, ਬਦਲਵੇਂ ਜਲ ਸਰੋਤ ਲੱਭਣਾ ਅਤੇ ਨਹਿਰੀ ਪ੍ਰਣਾਲੀ ਦੇ ਵਿਸਥਾਰ ਲਈ ਯੋਗ ਖੇਤਰਾਂ ਦੀ ਪਛਾਣ ਕਰਨਾ ਸ਼ਾਮਲ ਹੈ।

ਇਹ ਪ੍ਰੋਜੈਕਟ ਲਗਭਗ 221.65 ਲੱਖ ਰੁਪਏ ਦੀ ਲਾਗਤ ਨਾਲ 12 ਮਹੀਨਿਆਂ ਵਿੱਚ ਪੰਜ ਪੜਾਅ ਵਿੱਚ ਪੂਰਾ ਕੀਤਾ ਜਾਵੇਗਾ। ਆਈਆਈਟੀ ਰੋਪੜ ਤਕਨੀਕੀ ਸਹਾਇਤਾ, ਖੇਤਰੀ ਜਾਂਚ, ਲੈਬ ਸਹੂਲਤਾਂ ਅਤੇ ਸਿਖਲਾਈ ਮੁਹੱਈਆ ਕਰੇਗਾ। ਵਿੱਤ ਮੰਤਰੀ ਨੇ ਕਿਹਾ ਕਿ ਇਹ ਸਹਿਯੋਗ ਪੰਜਾਬ ਸਰਕਾਰ ਦੀ ਵਿਗਿਆਨ-ਆਧਾਰਿਤ ਨੀਤੀ-ਨਿਰਮਾਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਕਿਸਾਨਾਂ ਲਈ ਟਿਕਾਊ ਹੱਲ ਯਕੀਨੀ ਬਣਾਉਣ ਲਈ ਦ੍ਰਿੜ ਹੈ।

## ਕਾਂਗਰਸ ਦੀ ਇੱਕ ਰੈਲੀ ਵਿੱਚ, ਪ੍ਰਧਾਨ ਮੰਤਰੀ ਮੋਦੀ ਦੀ ਕਬਰ ਖੋਦਣ ਦੀ ਬਾਰੇ ਨਾਅਰੇਬਾਜ਼ੀ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com


ਕਾਂਗਰਸ ਦੀ ਰੈਲੀ ਵਿੱਚ ਐਤਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਕੀਤੀ ਗਈ ਨਾਅਰੇਬਾਜ਼ੀ ਦੇ ਵਿਰੋਧ ਵਿਚ ਸੰਸਦ ਦੇ ਦੋਵਾਂ ਸਦਨਾਂ, ਲੋਕ ਸਭਾ ਅਤੇ ਰਾਜ ਸਭਾ ਦੀ ਕਾਰਵਾਈ ਸੋਮਵਾਰ ਨੂੰ ਸ਼ੁਰੂ ਹੋਣ ਤੋਂ ਕੁਝ ਮਿੰਟਾਂ ਬਾਅਦ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਕਾਂਗਰਸ ਆਗੂਆਂ ਨੂੰ ਇਸ ਸਦਨ ਰਾਹੀਂ ਦੇਸ਼ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਲੋਕ ਸਭਾ ਦੁਪਹਿਰ 12 ਵਜੇ ਮੁੜ ਜੁੜੀ ਤਾਂ ਹੰਗਾਮਾ ਜਾਰੀ ਰਿਹਾ।

ਸਦਨ ਸਵੇਰੇ 11 ਵਜੇ ਜੁੜਿਆ ਤਾਂ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕੁਝ ਸਾਬਕਾ ਮੈਂਬਰਾਂ ਦੇ ਦੇਹਾਂਤ ਬਾਰੇ ਜਾਣਕਾਰੀ ਦਿੱਤੀ ਤੇ ਸਦਨ ਨੇ ਵਿਛੜੇ ਸਾਬਕਾ ਸੰਸਦ ਮੈਂਬਰਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਮਿੰਟ ਦਾ ਮੌਨ ਰੱਖਿਆ।

ਉਪਰੰਤ ਬਿਰਲਾ ਨੇ ਪ੍ਰਸ਼ਨ ਕਾਲ ਸ਼ੁਰੂ ਕਰਨ ਦਾ ਨਿਰਦੇਸ਼ ਦਿੱਤਾ। ਇਸ ਦੌਰਾਨ, ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਐਤਵਾਰ ਨੂੰ ਕਾਂਗਰਸ ਦੀ ਰੈਲੀ ਵਿੱਚ ਪ੍ਰਧਾਨ ਮੰਤਰੀ ਵਿਰੁੱਧ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਦਾ ਹਵਾਲਾ ਦਿੰਦੇ ਹੋਏ ਕਿਹਾ, ''ਕੱਲ੍ਹ ਕਾਂਗਰਸ ਦੀ ਇੱਕ ਰੈਲੀ ਵਿੱਚ, ਪ੍ਰਧਾਨ ਮੰਤਰੀ ਮੋਦੀ ਦੀ ਕਬਰ ਖੋਦਣ ਦੀ ਗੱਲ ਹੋਈ ਸੀ। ਇਹ ਦੇਸ਼ ਲਈ ਬਹੁਤ ਦੁਖਦਾਈ ਹੈ ਕਿ ਕਾਂਗਰਸ ਪਾਰਟੀ ਅਜਿਹੇ ਸ਼ਬਦਾਂ ਦੀ ਵਰਤੋਂ ਕਰਦੀ ਹੈ। ਪੂਰੀ ਕਾਂਗਰਸ ਪਾਰਟੀ... ਪੂਰੀ ਲੀਡਰਸ਼ਿਪ ਉਸ ਰੈਲੀ ਵਿੱਚ ਮੌਜੂਦ ਸੀ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੀ ਕਬਰ ਖੋਦਣ ਬਾਰੇ ਨਾਅਰੇਬਾਜ਼ੀ ਕੀਤੀ।''

ਉਨ੍ਹਾਂ ਕਿਹਾ ਕਿ ਇਸ ਦੇਸ਼ ਲਈ ਇਸ ਤੋਂ ਵੱਧ ਸ਼ਰਮਨਾਕ ਅਤੇ ਮੰਦਭਾਗਾ ਕੁਝ ਨਹੀਂ ਹੋ ਸਕਦਾ ਕਿ ਦੇਸ਼ ਦੇ ਪ੍ਰਧਾਨ ਮੰਤਰੀ, 1.4 ਅਰਬ ਲੋਕਾਂ ਦੇ ਨੇਤਾ, ਦੁਨੀਆ ਦੇ ਸਭ ਤੋਂ ਮਸ਼ਹੂਰ ਅਤੇ ਮਜ਼ਬੂਤ ਨੇਤਾ ਵਿਰੁੱਧ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਜਾਵੇ। ਰਿਜਿਜੂ ਨੇ ਕਿਹਾ, ''2014 ਵਿੱਚ, ਇੱਕ ਭਾਜਪਾ ਸੰਸਦ ਮੈਂਬਰ ਨੇ ਵਿਰੋਧੀ ਧਿਰ ਵਿਰੁੱਧ ਅਪਮਾਨਜਨਕ ਸ਼ਬਦ ਦੀ ਵਰਤੋਂ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਤੁਰੰਤ ਸੰਸਦ ਮੈਂਬਰ ਨੂੰ ਮੁਆਫੀ ਮੰਗਣ ਲਈ ਕਿਹਾ, ਅਤੇ ਉਨ੍ਹਾਂ ਨੇ ਮੁਆਫੀ ਮੰਗੀ।''

ਭਾਰਤ ਦੇ ਸੰਵਿਧਾਨ ਦੇ ਨਿਰਮਾਣ ਦਾ ਸਫਰ ਦੇਖਦੇ ਰਹੋ ਹਰ ਰੋਜ਼ https://www.youtube.com/@erhardipsinghchumber,ਯੂਟਿਊਬ ਚੈਨਲ 'ਤੇ




# ਮੋਹਾਲੀ ਦੇ ਸੈਕਟਰ 82 'ਚ ਫਾਇਰਿੰਗ, ਹਮਲੇ ਦੌਰਾਨ ਇੱਕ ਵਿਅਕਤੀ ਜ਼ਖ਼ਮੀ

## ਕਬੱਡੀ ਕੱਪ ਦੌਰਾਨ ਹੋਈ ਫਾਇਰਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com

ਮੋਹਾਲੀ: ਮੋਹਾਲੀ ਦੇ ਸੈਕਟਰ 82 ਵਿਖੇ ਬੈਦਵਾਨ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ ਚਾਰ ਰੋਜ਼ਾ ਮੈਚ ਵਿੱਚ ਅੱਜ ਫਾਇਰਿੰਗ ਹੋਣ ਨਾਲ ਦਹਿਸ਼ਤ ਫੈਲ ਗਈ। ਮੋਟਰਸਾਈਕਲ 'ਤੇ ਆਏ ਸਵਾਰ ਨੇ ਇੱਕ ਕਬੱਡੀ ਪ੍ਰਮੋਟਰ, ਜਿਹੜਾ ਰਾਣਾ ਬਲਾਚਰੀ ਦੱਸਿਆ ਜਾ ਰਿਹਾ ਹੈ, ਉਸ ਦੇ ਉੱਤੇ ਅੰਧਾ ਧੁੰਦ ਫਾਇਰਿੰਗ ਕੀਤੀ। ਜਦਕਿ ਜਾਂਦੇ ਹੋਏ ਉਹ ਹਵਾਈ ਫਾਇਰ ਕਰਕੇ ਫਰਾਰ ਹੋ ਗਏ। ਜਿਸ ਤੋਂ ਬਾਅਦ ਜ਼ਖਮੀ ਨੂੰ ਡੀਐਸਪੀ ਹਰ ਸਿੰਘ ਬੱਲ ਖੁਦ ਹਸਪਤਾਲ ਲੈ ਕੇ ਗਏ, ਜਿੱਥੇ ਉਹਨਾਂ ਦਾ ਇਲਾਜ ਚੱਲ ਰਿਹਾ ਹੈ।

# ਹਾਈਕੋਰਟ ਨੇ ਖੁਦ ਨੂੰ ਜੱਜ ਦੱਸਣ ਵਾਲੇ ਵਕੀਲ ਨੂੰ ਰਾਹਤ ਦੇਣ ਤੋਂ ਕੀਤਾ ਇਨਕਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ:

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਚੰਡੀਗੜ੍ਹ ਵਿੱਚ ਟ੍ਰੈਫਿਕ ਪੁਲਿਸ ਵੱਲੋਂ ਰੋਕੇ ਜਾਣ ਦੌਰਾਨ ਆਪਣੇ ਆਪ ਨੂੰ ਜੱਜ ਦੱਸਣ ਦੇ ਆਰੋਪਾਂ ਦਾ ਸਾਹਮਣਾ ਕਰ ਰਹੇ ਵਕੀਲ ਪ੍ਰਕਾਸ਼ ਸਿੰਘ ਮਰਵਾਹਾ ਵਿਰੁੱਧ ਦਰਜ ਅਪਰਾਧਿਕ ਮਾਮਲੇ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਜਸਟਿਸ ਸੂਰਯ ਪ੍ਰਤਾਪ ਸਿੰਘ ਨੇ ਕਿਹਾ ਕਿ ਐਫਆਈਆਰ ਰੱਦ ਕਰਨ ਲਈ ਕੋਈ ਮਜ਼ਬੂਤ ਅਧਾਰ ਨਹੀਂ ਬਣਦਾ ਅਤੇ ਮਾਮਲਾ ਟਰਾਇਲ ਦੇ ਪੱਧਰ 'ਤੇ ਹੀ ਨਿਰਣਿਤ ਕੀਤਾ ਜਾਣਾ ਚਾਹੀਦਾ ਹੈ।




ਅਦਾਲਤ ਨੇ ਦਰਸਾਇਆ ਕਿ ਮਈ 2024 ਵਿੱਚ ਮਰਵਾਹਾ ਨੂੰ ਉਸ ਵੇਲੇ ਰੋਕਿਆ ਗਿਆ ਜਦੋਂ ਉਹ ਸਕਾਰਪੀਓ ਗੱਡੀ ਚਲਾ ਰਿਹਾ ਸੀ ਅਤੇ ਅੱਗੇ ਵਾਲੀ ਨੰਬਰ ਪਲੇਟ ਸਪੱਸ਼ਟ ਨਹੀਂ ਦਿਸ ਰਹੀ ਸੀ, ਕਿਉਂਕਿ ਉਸ ਦਾ ਹਿੱਸਾ ਕੱਪੜੇ ਨਾਲ ਢੱਕਿਆ ਹੋਇਆ ਸੀ।

ਪੁਲਿਸ ਮੁਤਾਬਕ, ਡ੍ਰਾਈਵਿੰਗ ਲਾਇਸੈਂਸ ਵਿਖਾਉਣ ਦੀ ਮੰਗ 'ਤੇ ਮਰਵਾਹਾ ਨੇ ਪਾਲਣਾ ਨਹੀਂ ਕੀਤੀ ਅਤੇ ਆਪਣੇ ਆਪ ਨੂੰ ਨਿਆਇਕ ਮੈਜਿਸਟ੍ਰੇਟ ਵਜੋਂ ਪੇਸ਼ ਕਰਦਿਆਂ ਪੁਲਿਸ ਕਰਮਚਾਰੀਆਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਸੀ।

ਮਰਵਾਹਾ ਵੱਲੋਂ ਇਹ ਦਲੀਲ ਦਿੱਤੀ ਗਈ ਕਿ ਉਸ ਨੂੰ ਸਾਜ਼ਿਸ਼ ਅਧੀਨ ਫਸਾਇਆ ਗਿਆ ਹੈ ਅਤੇ ਉਹ ਮਾਨਸਿਕ ਤਣਾਅ ਕਾਰਨ ਆਈਪੀਸੀ ਦੀ ਧਾਰਾ 84 ਅਧੀਨ ਸੁਰੱਖਿਆ ਦਾ ਹੱਕਦਾਰ ਹੈ। ਹਾਲਾਂਕਿ, ਅਦਾਲਤ ਨੇ ਕਿਹਾ ਕਿ ਇਹ ਬਚਾਅ ਪਹਿਲਾਂ ਨਹੀਂ ਉਠਾਇਆ ਗਿਆ ਸੀ ਅਤੇ ਅਪਰਾਧ ਦੇ ਸਮੇਂ ਨਾਲ ਇਸਦਾ ਸਿੱਧਾ ਸੰਬੰਧ ਸਾਬਤ ਨਹੀਂ ਹੁੰਦਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਮਰਵਾਹਾ ਟਰਾਇਲ ਦੌਰਾਨ ਇਹ ਦਲੀਲ ਰੱਖ ਸਕਦਾ ਹੈ।

ਹਾਈਕੋਰਟ ਨੇ ਨਤੀਜਾ ਕੱਢਿਆ ਕਿ ਐਫਆਈਆਰ ਰੱਦ ਕਰਨ ਦੀ ਅਰਜ਼ੀ ਕਾਬਲ-ਕਬੂਲ ਨਹੀਂ ਹੈ ਅਤੇ ਇਸਨੂੰ ਖਾਰਿਜ ਕਰ ਦਿੱਤਾ।

# ਪੰਜਾਬ ਸਰਕਾਰ ਵਲੋਂ ਸਕੂਲਾਂ 'ਚ ਸਰਦੀਆਂ ਦੀਆਂ ਛੁੱਟੀਆਂ ਦਾ ਐਲਾਨ

## ਸਰਕਾਰੀ, ਪ੍ਰਾਈਵੇਟ ਏਡਿਡ,ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿਚ 24 ਦਸੰਬਰ ਤੋਂ 31 ਦਸੰਬਰ ਤੱਕ ਛੁੱਟੀਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਸਰਕਾਰ ਵਲੋਂ ਸਕੂਲਾਂ ਵਿਚ ਸਰਦੀਆਂ ਦੀਆਂ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸਿੱਖਿਆ ਵਿਭਾਗ ਵਲੋਂ ਜਾਰੀ ਪੱਤਰ ਅਨੁਸਾਰ ਸਾਰੇ ਸਰਕਾਰੀ, ਪ੍ਰਾਈਵੇਟ ਏਡਿਡ,ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿਚ 24 ਦਸੰਬਰ ਤੋਂ 31 ਦਸੰਬਰ ਤੱਕ ਛੁੱਟੀਆਂ ਹੋਣਗੀਆਂ।

# ਦਲਿਤ ਗਰੀਬ ਸਮਾਜ ਦੇ ਆਰਥਿਕ, ਸਮਾਜਿਕ ਪਰਿਵਰਤਨ ਸੰਬੰਧੀ ਆਯੋਜਿਤ ਮੀਟਿੰਗ ਵਿੱਚ ਡਾ. ਰਿਤੂ ਸਿੰਘ ਨੇ ਕੀਤੀ ਸ਼ਮੂਲੀਅਤ

## ਸਿਆਸਤਦਾਨਾਂ ਨੂੰ ਦਲਿਤਾਂ ਦੇ ਵੋਟ ਚਾਹੀਦੇ ਹਨ, ਦਲਿਤਾਂ ਨੂੰ ਸਨਮਾਨਯੋਗ ਅਹੁਦੇਦਾਰੀਆਂ ਇਨ੍ਹਾਂ ਨੂੰ ਬਰਦਾਸ਼ਤ ਨਹੀਂ- ਡਾ.ਰਿਤੂ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com





ਪਟਿਆਲਾ( ) ਦਲਿਤ ਗਰੀਬ ਦੇ ਆਰਥਿਕ ਅਤੇ ਸਮਾਜਿਕ ਪਰਿਵਰਤਨ, ਜਾਤੀ ਭੇਦਭਾਵ, ਅਤਿਆਚਾਰਾਂ, ਧੱਕੇਸ਼ਾਹੀਆਂ ਦੇ ਖਾਤਮੇ ਅਤੇ ਸਬ ਐਸ.ਸੀ ਪਲਾਨ ਆਦਿ ਮੁੱਦਿਆਂ ਨੂੰ ਲੈ ਕੇ ਵੱਡੇ ਸੰਘਰਸ਼ ਕਰਨ ਦੀ ਰੂਪ-ਰੇਖਾ ਤਿਆਰ ਕਰਨ ਦੇ ਸਬੰਧ ਵਿੱਚ ਜਬਰ ਜੁਲਮ ਵਿਰੋਧੀ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ, ਨਰੇਗਾ ਵਰਕਰ ਫਰੰਟ ਪੰਜਾਬ ਦੇ ਪ੍ਰਧਾਨ ਅਜੈਬ ਸਿੰਘ ਬਠੋਈ ਦੀ ਅਗਵਾਈ ਵਿੱਚ ਫੈਕਟਰੀ ਏਰੀਆ ਸਥਿਤ ਸ੍ਰੀ ਗੁਰੂ ਰਵਿਦਾਸ ਦਰਬਾਰ ਸਾਹਿਬ ਵਿਖੇ ਇੱਕ ਮੀਟਿੰਗ ਆਯੋਜਿਤ ਕੀਤੀ ਗਈ। ਜਿਸ ਵਿੱਚ ਧਾਰਮਿਕ, ਅੰਬੇਡਕਰੀ, ਸਮਾਜਿਕ ਜਥੇਬੰਦੀਆਂ ਦੇ ਆਗੂਆਂ ਸਮੇਤ ਦਲਿਤ ਸਮਾਜ ਦੇ ਚਿੰਤਕ ਅਤੇ ਜੁਝਾਰੂ ਆਗੂ ਡਾ.ਰਿਤੂ ਸਿੰਘ ਵੱਲੋਂ ਵਿਸ਼ੇਸ਼ ਸ਼ਮੂਲੀਅਤ ਕੀਤੀ ਗਈ। ਜਿਸ ਦੌਰਾਨ ਸੰਬੋਧਨ ਕਰਦਿਆਂ ਡਾ. ਰਿਤੂ ਸਿੰਘ ਨੇ ਕਿਹਾ ਕਿ ਅੱਜ ਦਲਿਤ ਵਰਗ ਜਾਗਰੂਕਤਾ ਦੀ ਘਾਟ ਹੋਣ ਕਾਰਨ ਅਨੇਕਾਂ ਵੱਡੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਅਤੇ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ, ਗਰੀਬ ਸਮਾਜ ਦੇ ਅਧਿਕਾਰਾਂ ਤੇ ਢਾਕੇ ਮਾਰੇ ਜਾ ਰਹੇ ਹਨ। ਸਿਆਸਤਦਾਨ ਆਪਣੀ ਰਾਜਨੀਤੀ ਕਰ ਇਨ੍ਹਾਂ ਲੋਕਾਂ ਨੂੰ ਸਬਜ਼ਬਾਗ ਦਿਖਾ ਕੇ ਵਾਅਦਾ ਖਿਲਾਫੀਆਂ ਕਰ ਰਹੇ ਹਨ, ਜਿਸ ਕਾਰਨ ਗਰੀਬ ਦਲਿਤ ਪਰਿਵਾਰਾਂ ਦੇ ਹਾਲਤਾਂ ਵਿੱਚ ਬਦਲਾਅ ਨਹੀਂ ਹੋ ਰਿਹਾ। ਹਰ ਇੱਕ ਸਿਆਸਤਦਾਨ ਨੂੰ ਦਲਿਤਾਂ ਦੇ ਵੋਟ ਤਾਂ ਚਾਹੀਦੇ ਹਨ। ਪਰ ਇਨ੍ਹਾਂ ਨੂੰ ਗਰੀਬਾਂ ਦੀਆਂ ਸਨਮਾਨਯੋਗ ਅਹੁਦੇਦਾਰੀਆਂ ਇਨ੍ਹਾਂ ਨੂੰ ਬਰਦਾਸ਼ਤ ਨਹੀਂ ਹਨ, ਜਦੋਂ ਕਿ ਪੰਜਾਬ ਵਿੱਚ ਦਲਿਤਾਂ ਦੀ ਸਭ ਤੋਂ ਵੱਧ ਅਬਾਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਅਜਾਦ ਹੋਏ 77 ਸਾਲਾਂ ਤੋਂ ਵੱਧ ਸਮਾਂ ਬੀਤ ਚੁੱਕਿਆ ਹੈ ਪਰ ਗਰੀਬ ਵਰਗ ਦੇ ਆਰਥਿਕ, ਸਮਾਜਿਕ ਬਦਲਾਅ ਵਿੱਚ ਸੁਧਾਰ ਨਹੀਂ ਹੋਇਆ। ਇਸ ਲਈ ਬਾਬਾ ਸਾਹਿਬ ਡਾ.ਅੰਬੇਡਕਰ, ਸਾਹਿਬ ਕਾਸੀ ਰਾਮ, ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਦਲਿਤ ਪਰਿਵਾਰ ਦੇ ਘਰ-ਘਰ ਪਹੁੰਚਾਉਣ ਲਈ ਵੱਡਾ ਅਤੇ ਮਜਬੂਤ ਅਭਿਆਨ ਚਲਾਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਦੌਰਾਨ ਜਬਰ ਜੁਲਮ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ, ਨਰੇਗਾ ਵਰਕਰ ਫਰੰਟ ਦੇ ਪ੍ਰਧਾਨ ਅਜੈਬ ਸਿੰਘ ਬਠੋਈ ਨੇ ਕਿਹਾ ਕਿ ਦਲਿਤ ਗਰੀਬ ਕ੍ਰਾਂਤੀਕਾਰੀ ਆਗੂਆਂ ਤੇ ਝੂਠੇ ਕੇਸ ਪਾਏ ਜਾਂਦੇ ਹਨ, ਅੱਜ ਦਿਨ ਪ੍ਰਤੀ ਦਿਨ ਅਨੁਸੂਚਿਤ ਦਲਿਤ ਸਮਾਜ ਤੇ ਜਬਰ ਜੁਲਮ, ਧੱਕੇਸ਼ਾਹੀਆਂ ਹੋ ਰਹੀਆਂ ਹਨ। ਗਰੀਬ ਸਮਾਜ ਦੀਆਂ ਸਮੱਸਿਆਵਾਂ ਨੂੰ ਸਰਕਾਰ, ਪ੍ਰਸ਼ਾਸ਼ਨ ਸੁਣਨ ਲਈ ਤਿਆਰ ਨਹੀਂ। ਇਸ ਲਈ ਪੰਜਾਬ ਦੀਆਂ ਵੱਖ-ਵੱਖ ਦਲਿਤ, ਸਮਾਜਿਕ, ਅੰਬੇਡਕਰੀ ਜੱਥੇਬੰਦੀਆਂ ਨੂੰ ਇੱਕ ਪਲੇਟਫਾਰਮ ਤੇ ਜਲਦ ਹੀ ਇੱਕਠਾ ਕਰ ਦਲਿਤ ਸਮਾਜ ਹਿੱਤ ਵਿੱਚ ਅਭਿਆਨ ਚਲਾਇਆ ਜਾਵੇਗਾ। ਜਿਸਦੀ ਅਗਵਾਈ ਦੀ ਜੁੰਮੇਵਾਰੀ ਡਾ. ਰਿਤੂ ਸਿੰਘ ਨੂੰ ਸੌਂਪੀ ਜਾਵੇਗੀ। ਇਸ ਮੌਕੇ ਬੰਟੀ ਐਡਵੋਕੇਟ, ਸ਼ੇਰ ਸਿੰਘ ਕਰਹਾਲੀ, ਜਸਬੀਰ ਸਿੰਘ ਕਰਹਾਲੀ, ਮਨਪ੍ਰੀਤ ਸਿੰਘ ਸਰਪੰਚ, ਵਿਕਰਮਜੀਤ ਨਾਹਰ, ਗੁਰਪਾਲ ਸਿੰਘ ਸਿੱਧੂ ਐਡਵੋਕੇਟ, ਹੋਸ਼ਿਆਰ ਚੰਦ, ਰਘਬੀਰ ਸਿੰਘ, ਦਰਬਾਰਾ ਸਿੰਘ, ਪਿੰਦਰ ਕੌਰ, ਬਲਜੀਤ ਕੌਰ ਅਤੇ ਸਤਨਾਮ ਸਿੰਘ, ਐਸ.ਐਨ. ਚੌਧਰੀ, ਇੰਜੀ: ਆਰ.ਐਸ ਸਿਆਣ, ਕੁਲਦੀਪ ਸਿੰਘ ਬਾਗੀ, ਚਰਨ ਸਿੰਘ ਬੰਬੀਹਾ, ਇੰਜੀ: ਮੇਹਰ ਸਿੰਘ, ਸਤਵਿੰਦਰ ਸਿੰਘ ਕਾਲਾ, ਗੁਰਮੁਖ ਸਿੰਘ, ਜੱਗੀ ਆਦਿ ਹਾਜਰ ਸਨ।

# ਚੋਣਾਂ ਦੇ ਮਾੜੇ ਪ੍ਰਬੰਧਾਂ ਕਾਰਨ ਜਾਨਾਂ ਗਵਾ ਚੁੱਕੇ ਸਾਥੀਆਂ ਨੂੰ ਸ਼ਰਧਾਂਜਲੀ ਤੇ ਇਨਸਾਫ਼ ਦਵਾਉਣ ਲਈ ਜ਼ਿਲ੍ਹਾ ਪੱਧਰੀ ਅਰਥੀ ਫੂਕ ਮੁਜ਼ਾਹਰਿਆਂ ਵਿੱਚ ਸ਼ਾਮਲ ਹੋਵੋ

## ਜ਼ਿਲ੍ਹਾ ਹੈਡਕੁਆਰਟਰਾਂ ਤੇ ਸਕੂਲ ਸਮੇਂ ਤੋਂ ਤੁਰੰਤ ਬਾਅਦ ਇਕੱਠੇ ਹੋਵੋ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਦਸੰਬਰ INTERNATIONAL PAPER, 94636 01616 hardipchumber57@gmail.com

ਮਿਤੀ: 16 ਦਸੰਬਰ 2025

ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਚੋਣਾਂ ਦੇ ਪ੍ਰਬੰਧਾਂ ਵਿੱਚ ਘਾਟ ਕਾਰਨ ਵਾਪਰੀਆਂ ਘਟਨਾਵਾਂ ਤੇ ਵਰਚੂਅਲ ਮੀਟਿੰਗ ਕੀਤੀ ਗਈ ਤੇ ਇਸ ਹਾਦਸੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਦੌਰਾਨ ਵਿਚਾਰ ਕਰਕੇ ਅਗਲੇ ਸੰਘਰਸ਼ ਤੇ ਹਾਦਸਾ ਗ੍ਰਸਤ ਅਧਿਆਪਕਾਂ ਨੂੰ ਇਨਸਾਫ਼ ਦਵਾਉਣ ਲਈ ਵਿਚਾਰ ਚਰਚਾ ਕਰਕੇ, ਹੇਠ ਲਿਖੀਆਂ ਮੰਗਾਂ ਤੇ ਸਹਿਮਤੀ ਬਣਾਈ ਗਈ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

1. ਜਸਕਰਨ ਸਿੰਘ ਅਤੇ ਕਮਲਜੀਤ ਕੌਰ ਦੀ ਭਿਆਨਕ ਮੌਤ ਤੇ 2-2 ਕਰੋੜ ਦਾ ਮੁਆਵਜ਼ਾ ਦਿੱਤਾ ਜਾਵੇ, ਬੱਚਿਆਂ ਦੀ ਪੜ੍ਹਾਈ ਦਾ ਸਾਰਾ ਖਰਚਾ ਤੇ ਬੱਚਿਆਂ ਦੇ ਬਾਲਗ ਹੋਣ ਤੇ ਸਰਕਾਰੀ ਨੌਕਰੀ ਦਾ ਪ੍ਰਬੰਧ ਕੀਤਾ ਜਾਵੇ।

2. ਮੂਨਕ ਵਿਖੇ ਰਾਜਵੀਰ ਕੌਰ ਐਸੋਸੀਏਟ ਅਧਿਆਪਕਾ ਅਤੇ ਉਸਦੇ ਪਤੀ ਨੂੰ ਹਾਦਸੇ ਵਿੱਚ ਲੱਗੀਆਂ ਸੱਟਾਂ ਦੇ ਇਲਾਜ ਦਾ ਮੁਕੰਮਲ ਖ਼ਰਚ ਅਤੇ 20 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ ਅਤੇ ਹੋਰ ਹਾਦਸਿਆਂ ਵਿੱਚ ਜ਼ਖ਼ਮੀ ਹੋਏ ਅਧਿਆਪਕਾਂ ਦਾ ਇਲਾਜ ਸਰਕਾਰੀ ਖਰਚ ਤੇ ਕਰਵਾਇਆ ਜਾਵੇ।

3. ਚੋਣਾਂ ਦੋਰਾਨ ਅਧਿਆਪਕਾਂ ਤੇ ਐਫ਼. ਆਈ. ਆਰ. ਦੀਆਂ ਸਿਫਾਰਸ਼ਾਂ ਤੁਰੰਤ ਰੱਦ ਕੀਤੀਆਂ ਜਾਣ।

4. ਬੀ.ਐਲ.ਓਜ਼ ਨੂੰ ਚੋਣ ਡਿਊਟੀਆਂ ਤੋਂ ਛੋਟ ਦਿੱਤੀ ਜਾਵੇ।

5. ਭਵਿੱਖ ਵਿੱਚ ਸਾਰੇ ਅਧਿਆਪਕਾ ਦੀ ਡਿਊਟੀ ਉਨ੍ਹਾਂ ਦੀ ਰਿਹਾਇਸ਼ ਜਾਂ ਵਰਕਿੰਗ ਬਲਾਕ ਵਿੱਚ ਲਗਾਈ ਜਾਵੇ।

**ਵੱਲੋਂ:ਸਮੂਹਅਧਿਆਪਕ ਜਥੇਬੰਦੀਆਂ ਪੰਜਾਬ।**



ਵਿਕਰਮ ਦੇਵ ਸਿੰਘ, ਦਿਗਵਿਜੇ ਪਾਲ ਸ਼ਰਮਾ, ਸੁਖਵਿੰਦਰ ਸਿੰਘ ਚਾਹਲ, ਨਵਪ੍ਰੀਤ ਬੱਲੀ, ਬਲਜਿੰਦਰ ਸਿੰਘ ਧਾਲੀਵਾਲ, ਹਰਜਿੰਦਰ ਪਾਲ ਪੰਨੂ, ਸੁਰਿੰਦਰ ਕੁਮਾਰ ਪੁਆਰੀ, ਸੁਰਿੰਦਰ ਕੰਬੋਜ, ਲਛਮਣ ਸਿੰਘ ਨਬੀਪੁਰ, ਪ੍ਰਗਟਜੀਤ ਕਿਸ਼ਨਪੁਰਾ, ਦੀਪਕ ਕੰਬੋਜ, ਹਰਜੰਟ ਸਿੰਘ, ਹਰਜਿੰਦਰ ਸਿੰਘ ਪੰਨੂ, ਪਤਵੰਤ ਸਿੰਘ, ਸੰਦੀਪ ਗਿੱਲ , ਗੁਰਮੇਲ ਕੁਲਰੀਆਂ,ਰੇਸ਼ਮ ਸਿੰਘ ਖੇਮੁਆਣਾ, ਗੁਰਵਿੰਦਰ ਸਸਕੌਰ, ਮਹਿੰਦਰ ਕੌੜਿਆਂ ਵਾਲੀ, ਗੁਰਮੀਤ ਸਿੰਘ ਭੁੱਲਰ, ਕਿਸ਼ਨ ਸਿੰਘ ਦੁਗਾਂ, ਸੁਖਵਿੰਦਰ ਸਿੰਘ ਸੁੱਖੀ, ਸ਼ਲਿੰਦਰ ਕੰਬੋਜ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਦਸੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਭਾਰਤੀ ਸੰਵਿਧਾਨ ਦੇ ਨਿਰਮਾਣ ਵਿੱਚ ਡਾ. ਬੀ.ਆਰ. ਅੰਬੇਡਕਰ ਦੀ ਭੂਮਿਕਾ: ਇੱਕ ਸੰਖੇਪ ਦਸਤਾਵੇਜ਼

## ਕਾਰਜਕਾਰੀ ਸੰਖੇਪ

ਇਹ ਦਸਤਾਵੇਜ਼ ਭਾਰਤੀ ਸੰਵਿਧਾਨ ਦੇ ਨਿਰਮਾਣ ਵਿੱਚ ਡਾ. ਬੀ.ਆਰ. ਅੰਬੇਡਕਰ ਦੀ ਕੇਂਦਰੀ ਅਤੇ ਵਿਕਸਤ ਭੂਮਿਕਾ ਦਾ ਵਿਸ਼ਲੇਸ਼ਣ ਕਰਦਾ ਹੈ। 9 ਦਸੰਬਰ, 1946 ਨੂੰ ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ ਵਿੱਚ ਇੱਕ ਪ੍ਰਮੁੱਖ ਮੈਂਬਰ ਵਜੋਂ ਉਨ੍ਹਾਂ ਦੀ ਭਾਗੀਦਾਰੀ ਤੋਂ ਲੈ ਕੇ 29 ਅਗਸਤ, 1947 ਨੂੰ ਡਰਾਫਟ ਕਮੇਟੀ ਦੇ ਚੇਅਰਮੈਨ ਵਜੋਂ ਉਨ੍ਹਾਂ ਦੀ ਨਿਯੁਕਤੀ ਤੱਕ, ਉਨ੍ਹਾਂ ਦੀ ਭੂਮਿਕਾ ਵਧਦੀ ਮਹੱਤਵਪੂਰਨ ਹੋ ਗਈ। ਡਾ. ਅੰਬੇਡਕਰ ਨੇ ਨਾ ਸਿਰਫ਼ ਸੰਵਿਧਾਨਕ ਸਿਧਾਂਤਾਂ ਨੂੰ ਸਟੀਕ ਕਾਨੂੰਨੀ ਪਾਠ ਵਿੱਚ ਅਨੁਵਾਦ ਕਰਨ ਦੇ ਕੰਮ ਦੀ ਅਗਵਾਈ ਕੀਤੀ, ਸਗੋਂ ਮੌਲਿਕ ਅਧਿਕਾਰਾਂ, ਸਮਾਜਿਕ ਨਿਆਂ ਅਤੇ ਘੱਟ ਗਿਣਤੀ ਸੁਰੱਖਿਆ ਵਰਗੇ ਮੁੱਖ ਪ੍ਰਬੰਧਾਂ ਦਾ ਵੀ ਜ਼ੋਰਦਾਰ ਢੰਗ ਨਾਲ ਬਚਾਅ ਕੀਤਾ। ਉਨ੍ਹਾਂ ਨੇ ਮਸ਼ਹੂਰ ਤੌਰ 'ਤੇ ਦਲੀਲ ਦਿੱਤੀ ਕਿ ਰਾਜਨੀਤਿਕ ਲੋਕਤੰਤਰ ਸਮਾਜਿਕ ਲੋਕਤੰਤਰ ਤੋਂ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ। ਉਨ੍ਹਾਂ ਦੀ ਮੁਹਾਰਤ ਅਤੇ ਅਗਵਾਈ ਨੇ ਸੰਵਿਧਾਨ ਨੂੰ ਨਿਆਂ ਦੇ ਇੱਕ ਲਾਗੂ ਕਰਨ ਯੋਗ ਸਾਧਨ ਵਿੱਚ ਬਦਲ ਦਿੱਤਾ, ਜਿਸ ਨਾਲ ਉਨ੍ਹਾਂ ਨੂੰ ਭਾਰਤੀ ਸੰਵਿਧਾਨ ਦੇ ਮੁੱਖ ਆਰਕੀਟੈਕਟ ਵਜੋਂ ਮਾਨਤਾ ਮਿਲੀ।

## ਵਿਸਤ੍ਰਿਤ ਵਿਸ਼ਲੇਸ਼ਣ

### ਸੰਵਿਧਾਨ ਸਭਾ ਦਾ ਸ਼ੁਰੂਆਤੀ ਪੜਾਅ (1946)


ਸੰਵਿਧਾਨ ਨਿਰਮਾਣ ਪ੍ਰਕਿਰਿਆ ਇੱਕ ਬਹੁਤ ਹੀ ਅਨਿਸ਼ਚਿਤ ਰਾਜਨੀਤਿਕ ਮਾਹੌਲ ਵਿੱਚ ਸ਼ੁਰੂ ਹੋਈ। ਇਸ ਸ਼ੁਰੂਆਤੀ ਪੜਾਅ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਹ ਸਨ:

* ਪਹਿਲੀ ਮੀਟਿੰਗ ਅਤੇ ਅਨਿਸ਼ਚਿਤਤਾ: ਭਾਰਤੀ ਸੰਵਿਧਾਨ ਸਭਾ ਦੀ ਪਹਿਲੀ ਵਾਰ 9 ਦਸੰਬਰ, 1946 ਨੂੰ ਮੀਟਿੰਗ ਹੋਈ। ਇਹ ਪਹਿਲਾ ਸੈਸ਼ਨ ਦਿਸ਼ਾ-ਨਿਰਦੇਸ਼, ਜਾਇਜ਼ਤਾ ਸਥਾਪਤ ਕਰਨ ਅਤੇ ਰਾਜਨੀਤਿਕ ਅਨਿਸ਼ਚਿਤਤਾ ਦਾ ਦੌਰ ਸੀ।

* ਮੁਸਲਿਮ ਲੀਗ ਦਾ ਬਾਈਕਾਟ: ਮੁਸਲਿਮ ਲੀਗ ਦੇ ਮੈਂਬਰਾਂ ਨੇ ਅਸੈਂਬਲੀ ਦਾ ਸਮੂਹਿਕ ਤੌਰ 'ਤੇ ਬਾਈਕਾਟ ਕੀਤਾ, ਇਸਦੇ ਅਧਿਕਾਰ 'ਤੇ ਸਵਾਲ ਉਠਾਏ।

* ਡਾ. ਅੰਬੇਡਕਰ ਦੀ ਸ਼ੁਰੂਆਤੀ ਭੂਮਿਕਾ: ਹਾਲਾਂਕਿ ਅਜੇ ਤੱਕ ਡਰਾਫਟ ਕਮੇਟੀ ਦੇ ਮੈਂਬਰ ਨਹੀਂ ਸਨ, ਡਾ. ਅੰਬੇਡਕਰ ਨੂੰ ਇੱਕ ਸੰਵਿਧਾਨਕ ਅਧਿਕਾਰ ਵਜੋਂ ਮਾਨਤਾ ਦਿੱਤੀ ਗਈ ਸੀ। ਉਨ੍ਹਾਂ ਨੇ ਚਰਚਾਵਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਜ਼ੋਰ ਦਿੱਤਾ:

* ਘੱਟ ਗਿਣਤੀਆਂ ਦੀ ਸੁਰੱਖਿਆ
* ਸਮਾਜਿਕ ਨਿਆਂ




* ਸਿਰਫ਼ ਰਾਜਨੀਤਿਕ ਆਜ਼ਾਦੀ ਦੀ ਬਜਾਏ ਇੱਕ ਮਜ਼ਬੂਤ ਸੰਵਿਧਾਨਕ ਢਾਂਚੇ ਦੀ ਲੋੜ

* ਮਹੱਤਵ: ਇਸ ਪੜਾਅ ਨੇ ਫਿਰਕੂ ਤਣਾਅ ਅਤੇ ਬਸਤੀਵਾਦੀ ਤਬਦੀਲੀ ਦੇ ਵਿਚਕਾਰ ਸੰਵਿਧਾਨ ਨਿਰਮਾਣ ਲਈ ਨੈਤਿਕ ਅਤੇ ਬੌਧਿਕ ਨੀਂਹ ਰੱਖੀ।

### ਆਜ਼ਾਦੀ ਤੋਂ ਬਾਅਦ ਸੰਵਿਧਾਨ ਨਿਰਮਾਣ (1947)

15 ਅਗਸਤ, 1947 ਨੂੰ ਭਾਰਤ ਦੀ ਆਜ਼ਾਦੀ ਤੋਂ ਬਾਅਦ, ਸੰਵਿਧਾਨ ਸਭਾ ਦੀ ਪ੍ਰਕਿਰਤੀ ਅਤੇ ਡਾ. ਅੰਬੇਡਕਰ ਦੀ ਭੂਮਿਕਾ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਆਈ।

* ਪ੍ਰਭੂਸੱਤਾ ਸੰਪੰਨ ਸੰਸਥਾ: ਆਜ਼ਾਦੀ ਤੋਂ ਬਾਅਦ, ਸੰਵਿਧਾਨ ਸਭਾ ਨੇ ਇੱਕ ਪ੍ਰਭੂਸੱਤਾ ਸੰਪੰਨ ਸੰਸਥਾ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਅਤੇ ਭਾਰਤ ਦੀ ਅਸਥਾਈ ਸੰਸਦ ਵਜੋਂ ਵੀ ਕੰਮ ਕੀਤਾ।

* ਡਾ. ਅੰਬੇਡਕਰ ਦੀਆਂ ਵਧੀਆਂ ਜ਼ਿੰਮੇਵਾਰੀਆਂ: ਇਸ ਸਮੇਂ ਦੌਰਾਨ, ਡਾ. ਅੰਬੇਡਕਰ ਨੇ ਦੋਹਰੀ ਭੂਮਿਕਾਵਾਂ ਨਿਭਾਈਆਂ:

* ਡਰਾਫਟ ਕਮੇਟੀ ਦੇ ਚੇਅਰਮੈਨ: ਉਨ੍ਹਾਂ ਨੂੰ 29 ਅਗਸਤ, 1947 ਨੂੰ ਡਰਾਫਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ।

* ਭਾਰਤ ਦੇ ਪਹਿਲੇ ਕਾਨੂੰਨ ਮੰਤਰੀ: ਉਨ੍ਹਾਂ ਨੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਵਜੋਂ ਵੀ ਸੇਵਾ ਨਿਭਾਈ।

* ਮੁੱਖ ਫੋਕਸ ਖੇਤਰ: ਇਸ ਸਮੇਂ ਦੌਰਾਨ, ਸੰਵਿਧਾਨ ਦਾ ਖਰੜਾ ਹੇਠ ਲਿਖੇ ਖੇਤਰਾਂ 'ਤੇ ਕੇਂਦ੍ਰਿਤ ਸੀ:

* ਮੌਲਿਕ ਅਧਿਕਾਰ
* ਸੰਘੀ ਢਾਂਚਾ
* ਨਿਆਂਪਾਲਿਕਾ ਅਤੇ ਸੰਵਿਧਾਨਕ ਉਪਚਾਰ
* ਅਨੁਸੂਚਿਤ ਜਾਤੀਆਂ ਅਤੇ ਵਾਂਝੇ ਭਾਈਚਾਰਿਆਂ ਲਈ ਸੁਰੱਖਿਆ

* ਮਹੱਤਵ: ਇਸ ਸਮੇਂ ਦੌਰਾਨ ਡਾ. ਅੰਬੇਡਕਰ ਦੀ ਕੇਂਦਰੀ ਲੀਡਰਸ਼ਿਪ ਭੂਮਿਕਾ ਸੀ, ਜਿੱਥੇ ਉਨ੍ਹਾਂ ਨੇ ਆਦਰਸ਼ਾਂ ਨੂੰ ਕਾਨੂੰਨੀ ਅਤੇ ਲਾਗੂ ਕਰਨ ਯੋਗ ਸੰਵਿਧਾਨਕ ਪਾਠ ਵਿੱਚ ਅਨੁਵਾਦ ਕੀਤਾ।

### ਡਰਾਫਟ ਸੰਵਿਧਾਨ 'ਤੇ ਬਹਿਸ (1948-1949)

ਇਸ ਪੜਾਅ ਵਿੱਚ ਸੰਵਿਧਾਨ ਨੂੰ ਅੰਤਿਮ ਰੂਪ ਦੇਣ ਲਈ ਤੀਬਰ ਵਿਚਾਰ-ਵਟਾਂਦਰਾ ਹੋਇਆ, ਜਿਸ ਵਿੱਚ ਡਾ. ਅੰਬੇਡਕਰ ਨੇ ਮੁੱਖ ਭੂਮਿਕਾ ਨਿਭਾਈ।

* ਸੰਵਿਧਾਨ ਦਾ ਖਰੜਾ ਪੇਸ਼ ਕਰਨਾ: ਸੰਵਿਧਾਨ ਦਾ ਖਰੜਾ 4 ਨਵੰਬਰ, 1948 ਨੂੰ ਅਸੈਂਬਲੀ ਵਿੱਚ ਪੇਸ਼ ਕੀਤਾ ਗਿਆ ਸੀ।


* ਧਾਰਾ-ਦਰ-ਧਾਰਾ ਬਹਿਸ: ਨਵੰਬਰ 1948 ਤੋਂ ਨਵੰਬਰ 1949 ਤੱਕ, ਖਰੜੇ 'ਤੇ ਧਾਰਾ-ਦਰ-ਧਾਰਾ 'ਤੇ ਤੀਬਰਤਾ ਨਾਲ ਬਹਿਸ ਹੋਈ।

### * ਡਾ. ਅੰਬੇਡਕਰ ਦੀ ਭੂਮਿਕਾ: ਇਸ ਮਹੱਤਵਪੂਰਨ ਪੜਾਅ ਦੌਰਾਨ, ਡਾ. ਅੰਬੇਡਕਰ:

* ਸੈਂਕੜੇ ਸੋਧਾਂ ਦਾ ਜਵਾਬ ਦਿੱਤਾ।

* ਮੌਲਿਕ ਅਧਿਕਾਰਾਂ, ਧਾਰਾ 17 (ਛੂਤ-ਛਾਤ ਦਾ ਖਾਤਮਾ), ਅਤੇ ਸੰਵਿਧਾਨਕ ਨੈਤਿਕਤਾ ਦੀ ਰੱਖਿਆ ਕੀਤੀ।

"ਇਕੁਐਲਿਟੀ ਐਂਡ ਜਸਟਿਸ"
"Equality and Justice" स्वतंत्रता, समानता, भाईचारा
Rs- 100/month



* ਮਸ਼ਹੂਰ ਤੌਰ 'ਤੇ ਦਲੀਲ ਦਿੱਤੀ ਗਈ ਸੀ ਕਿ "ਰਾਜਨੀਤਿਕ ਲੋਕਤੰਤਰ ਉਦੋਂ ਤੱਕ ਨਹੀਂ ਬਚ ਸਕਦਾ ਜਦੋਂ ਤੱਕ ਸਮਾਜਿਕ ਲੋਕਤੰਤਰ ਆਪਣੀ ਨੀਂਹ 'ਤੇ ਨਹੀਂ ਹੁੰਦਾ।"

* ਮਹੱਤਵ: ਇਸ ਪੜਾਅ ਨੇ ਸੰਵਿਧਾਨ ਨੂੰ ਇੱਕ ਲੋਕ-ਕੇਂਦ੍ਰਿਤ ਦਸਤਾਵੇਜ਼ ਵਜੋਂ ਸੁਧਾਰਿਆ, ਆਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਵਿਚਕਾਰ ਸੰਤੁਲਨ ਬਣਾਇਆ।

### ਸੰਵਿਧਾਨ ਨਿਰਮਾਣ ਵਿੱਚ ਮੁੱਖ ਤਾਰੀਖਾਂ

ਹੇਠਾਂ ਦਿੱਤੀ ਗਈ ਸਾਰਣੀ ਸੰਵਿਧਾਨ ਨਿਰਮਾਣ ਪ੍ਰਕਿਰਿਆ ਅਤੇ ਡਾ. ਅੰਬੇਡਕਰ ਦੀ ਭੂਮਿਕਾ ਵਿੱਚ ਮਹੱਤਵਪੂਰਨ ਘਟਨਾਵਾਂ ਦਾ ਸਾਰ ਦਿੰਦੀ ਹੈ।

### ਮਿਤੀ ਘਟਨਾ

9 ਦਸੰਬਰ 1946 ਸੰਵਿਧਾਨ ਸਭਾ ਨੇ ਆਪਣੀ ਪਹਿਲੀ ਮੀਟਿੰਗ ਕੀਤੀ; ਡਾ. ਅੰਬੇਡਕਰ ਨੇ ਹਿੱਸਾ ਲਿਆ।

11 ਦਸੰਬਰ 1946 ਡਾ. ਰਾਜੇਂਦਰ ਪ੍ਰਸਾਦ ਸੰਵਿਧਾਨ ਸਭਾ ਦੇ ਪ੍ਰਧਾਨ ਚੁਣੇ ਗਏ।

15 ਅਗਸਤ 1947 ਭਾਰਤ ਆਜ਼ਾਦ ਹੋਇਆ; ਸੰਵਿਧਾਨ ਸਭਾ ਇੱਕ ਪ੍ਰਭੂਸੱਤਾ ਸੰਪੰਨ ਸੰਸਥਾ ਬਣ ਗਈ।

29 ਅਗਸਤ 1947 ਡਰਾਫਟ ਕਮੇਟੀ ਬਣਾਈ ਗਈ; ਡਾ. ਅੰਬੇਡਕਰ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ।

4 ਨਵੰਬਰ 1948 ਡਾ. ਅੰਬੇਡਕਰ ਨੇ ਡਰਾਫਟ ਸੰਵਿਧਾਨ ਨੂੰ ਅਸੈਂਬਲੀ ਵਿੱਚ ਪੇਸ਼ ਕੀਤਾ।

ਨਵੰਬਰ 1948 - ਨਵੰਬਰ 1949 ਡਰਾਫਟ ਸੰਵਿਧਾਨ 'ਤੇ ਧਾਰਾ ਦਰ ਧਾਰਾ ਬਹਿਸ ਹੋਈ।

25 ਨਵੰਬਰ 1949 ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਆਪਣਾ ਮਸ਼ਹੂਰ ਆਖਰੀ ਭਾਸ਼ਣ ਦਿੱਤਾ।

26 ਨਵੰਬਰ 1949 ਭਾਰਤ ਦੇ ਸੰਵਿਧਾਨ ਨੂੰ ਸੰਵਿਧਾਨ ਸਭਾ ਦੁਆਰਾ ਅਪਣਾਇਆ ਗਿਆ।

24 ਜਨਵਰੀ 1950 ਸੰਵਿਧਾਨ ਸਭਾ ਦਾ ਅੰਤਿਮ ਸੈਸ਼ਨ; ਮੈਂਬਰਾਂ ਨੇ ਸੰਵਿਧਾਨ 'ਤੇ ਦਸਤਖਤ ਕੀਤੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਦਸੰਬਰ
INTERNATIONAL PAPER, 94636 01616
hardipchumber57@gmail.com

# ਪ੍ਰੋਫੈਸਰਾਂ ਨੂੰ ਸਿਰਫ਼ ਅਧਿਐਨ, ਅਧਿਆਪਨ ਅਤੇ ਖੋਜ ਲਈ ਸਮਰਪਿਤ ਰਹਿਣਾ ਚਾਹੀਦਾ ਹੈ।

ਅੰਬੇਡਕਰ ਵਿਸ਼ੇਸ਼ ਅੰਕ
13 ਅਪ੍ਰੈਲ 1947

ਕਿਉਂਕਿ ਭਾਸ਼ਣ ਦੀ ਮਿਤੀ ਨਹੀਂ ਦਿੱਤੀ ਗਈ ਹੈ, ਇਸ ਲਈ ਨਵਯੁਗ ਦੇ ਅੰਕ ਦੀ ਮਿਤੀ ਦੇ ਅਨੁਸਾਰ ਸਥਾਨ ਦਿੱਤਾ ਗਿਆ ਹੈ।

-ਸੰਪਾਦਕ

ਸੇਂਟ ਜ਼ੇਵੀਅਰ ਕਾਲਜ, ਮੁੰਬਈ ਦੀ ਪੁਰਾਤੱਤਵ ਖੋਜ ਅਤੇ ਮਿਥਿਹਾਸ – ਇਤਿਹਾਸ ਇਸ ਵਿਸ਼ੇ ਦੇ ਵਿਦਵਾਨ ਪ੍ਰੋਫੈਸਰ ਰੇਵਰੈਂਡ ਫਾਦਰ ਹੇਰਸ ਨੇ ਸਿਧਾਰਥ ਕਾਲਜ ਵਿੱਚ ਮਹੇਨ-ਜੋ-ਦਾਰੋ (ਮੋਹੈਂਜੋ ਦਾੜੋ) ਦੀਆਂ ਲੀਪੀਆਂ ਪੜ੍ਹਣ ਦੇ ਵਿਸ਼ੇ ਉੱਤੇ ਭਾਸ਼ਣ ਦਿੱਤਾ। ਉਸ ਦਿਨ ਡਾਕਟਰ ਬਾਬਾ ਸਾਹਿਬ ਅੰਬੇਡਕਰ ਨੇ ਪ੍ਰੋਫੈਸਰਾਂ ਦੇ ਖੋਜ ਕਾਰਜਾਂ ਬਾਰੇ ਚਰਚਾ ਕੀਤੀ। ਉਸਨੇ ਕਿਹਾ-

ਫਾਦਰ ਹੇਰਸ ਨੇ ਬੜੀ ਮਿਹਨਤ ਨਾਲ ਮਹੇਨ-ਜੋ-ਦਾਰੋ ਵਿਚ ਮਿਲੇ ਸਿੱਕਿਆਂ ਅਤੇ ਇੱਟਾਂ 'ਤੇ ਲਿਖੀਆਂ ਲਿਖਤਾਂ ਦਾ ਅਧਿਐਨ ਕੀਤਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਰ ਕੋਈ ਇਸ ਬਾਰੇ ਖੁਸ਼ੀ, ਮਾਣ ਅਤੇ ਹੈਰਾਨੀ ਮਹਿਸੂਸ ਕਰੇਗਾ। ਮੇਰੇ ਮਨ ਵਿਚ ਕਈ ਸਵਾਲ ਆਏ ਕਿ ਜਿਸ ਤਰ੍ਹਾਂ ਫਾਦਰ ਹੇਰਸ ਨੇ ਆਪਣਾ ਪੂਰਾ ਧਿਆਨ ਇਸ ਵਿਸ਼ੇ 'ਤੇ ਕੇਂਦਰਿਤ ਕੀਤਾ ਅਤੇ ਬਹੁਤ ਮਹੱਤਵਪੂਰਨ ਖੋਜ ਕੀਤੀ, ਸਾਡੇ ਹਿੰਦੀ ਵਿਸ਼ੇ ਦੇ ਪ੍ਰੋਫੈਸਰਾਂ ਨੇ ਉਸੇ ਤਰ੍ਹਾਂ ਦੀ ਖੋਜ ਕਿਉਂ ਨਹੀਂ ਕੀਤੀ? ਕੀ ਉਹ ਅਜਿਹੇ ਵਿਸ਼ਿਆਂ ਵਿੱਚ ਦਿਲਚਸਪੀ ਨਹੀਂ ਰੱਖਦੇ? ਜਾਂ ਫਿਰ ਉਨ੍ਹਾਂ ਕੋਲ ਇਸ ਕੰਮ ਲਈ ਲੋੜੀਂਦਾ ਗਿਆਨ ਨਹੀਂ ਹੈ? ਜਾਂ ਸਰੋਤਾਂ ਦੀ ਘਾਟ ਹੈ? ਅੱਜ ਅਸੀਂ ਇਸ ਬਾਰੇ ਵਿਸਥਾਰ ਨਾਲ ਵਿਚਾਰ ਕਰਾਂਗੇ ਕਿ ਇਨ੍ਹਾਂ ਚੀਜ਼ਾਂ ਦੇ ਕੀ ਕਾਰਨ ਹੋ ਸਕਦੇ ਹਨ।

ਮੈਨੂੰ ਲਗਦਾ ਹੈ ਕਿ ਸਾਡੇ ਪ੍ਰੋਫੈਸਰਾਂ ਦੇ ਮਨ ਵਿੱਚ ਕੁਝ ਪੈਸਾ ਕਮਾਉਣ ਅਤੇ ਖੁਸ਼ੀ ਨਾਲ ਰਹਿਣ ਤੋਂ ਇਲਾਵਾ ਹੋਰ ਕੋਈ ਲਾਲਸਾ ਨਹੀਂ ਹੈ। ਅਭਿਲਾਸ਼ਾ ਦੀ ਕਮੀ ਦੇ ਕਾਰਨ ਉਹ ਕੋਈ ਮਹੱਤਵਪੂਰਨ ਕੰਮ ਪੂਰਾ ਨਹੀਂ ਕਰ ਸਕਦੇ ਹਨ। ਕਈ ਵਾਰ ਉਹ ਪਾਠ ਪੁਸਤਕਾਂ 'ਤੇ ਨੋਟ ਲਿਖਦੇ ਹਨ। ਨੋਟ ਲਿਖਣ ਤੋਂ ਇਲਾਵਾ ਕੋਈ ਹੋਰ ਜ਼ਰੂਰੀ ਕੰਮ ਹੋ ਸਕਦਾ ਹੈ, ਪਤਾ ਨਹੀਂ ਉਨ੍ਹਾਂ ਨੂੰ ਇਸ ਬਾਰੇ ਪਤਾ ਹੈ ਜਾਂ ਨਹੀਂ।

ਫਿਰ ਇੱਕ ਪ੍ਰੋਫੈਸਰ ਨੇ ਕਿਹਾ, 'ਅਸੀਂ ਪ੍ਰੋਫੈਸਰ ਅੱਜ ਦੀਆਂ ਯੂਨੀਵਰਸਿਟੀਆਂ ਵਿੱਚ ਪ੍ਰਾਪਤ ਕੀਤੀ ਸਿੱਖਿਆ ਦੀ ਉਪਜ ਹਾਂ। ਇਸ ਲਈ ਇਸ ਲਈ ਪ੍ਰੋਫੈਸਰਾਂ ਨੂੰ ਨਹੀਂ ਬਲਕਿ ਯੂਨੀਵਰਸਿਟੀ ਦੀ ਸਿੱਖਿਆ ਪ੍ਰਣਾਲੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। , ਫਿਰ ਡਾ: ਅੰਬੇਡਕਰ ਨੇ ਕਿਹਾ, 'ਮੇਰਾ ਮੰਨਣਾ ਹੈ ਕਿ ਸਾਡੀਆਂ ਯੂਨੀਵਰਸਿਟੀਆਂ ਵਿਚ ਸਿੱਖਿਆ ਦੇ ਨਵੇਂ ਯੁੱਗ ਪ੍ਰਣਾਲੀ ਕਾਰਨ ਵਧੀਆ ਪ੍ਰੋਫੈਸਰ ਪੈਦਾ ਕਰਨਾ ਮੁਸ਼ਕਲ ਹੋ ਗਿਆ ਹੈ। ਸਾਡੇ ਵਿੱਚੋਂ ਬਹੁਤ ਸਾਰੇ ਪ੍ਰੋਫੈਸਰਾਂ ਨੂੰ ਕਾਲਜਾਂ ਵਿੱਚ ਸ਼ੈਕਸਪੀਅਰ ਦੇ ਨਾਟਕ ਜਾਂ ਕਵਿਤਾ ਪੜ੍ਹਾਉਣੀ ਪੈਂਦੀ ਹੈ। ਜਦੋਂ ਤੋਂ ਇਸ ਵਿਸ਼ੇ ਨੂੰ ਪੜ੍ਹਾਉਣਾ ਸ਼ੁਰੂ ਹੋਇਆ ਹੈ, ਉਦੋਂ ਤੋਂ ਸਾਡੀ ਨੌਜਵਾਨ ਪੀੜ੍ਹੀ ਜਾਂ ਭਾਰਤ ਨੂੰ ਕੀ ਲਾਭ ਹੋ ਰਿਹਾ ਹੈ? ਮੈਨੂੰ ਲਗਦਾ ਹੈ ਕਿ ਕੋਈ ਲਾਭ ਨਹੀਂ ਹੈ. ਕਈ ਵਾਰ, ਜੇ ਮੈਨੂੰ ਨੀਂਦ ਨਹੀਂ ਆਉਂਦੀ, ਮੈਂ ਸ਼ੇਕਸਪੀਅਰ ਜਾਂ ਕਵਿਤਾ ਆਦਿ ਪੜ੍ਹਦਾ ਹਾਂ। ਅਜਿਹਾ ਨਹੀਂ ਹੈ ਕਿ ਮੈਂ ਉਹ ਪੜ੍ਹਦਾ ਨਹੀਂ ਪਰ ਇਹ ਸਿਰਫ ਸਮੇਂ ਨੂੰ ਟਪਾਉਣ ਲਈ ਹੀ।. ਮੈਂ ਇਸ ਵਿਸ਼ੇ 'ਤੇ ਨਹੀਂ ਸੋਚ ਸਕਦਾ।

ਅੱਜ ਕੱਲ੍ਹ ਸਾਡੇ ਕਾਲਜਾਂ ਵਿੱਚ ਬਹੁਤ ਹੀ ਸਾਧਾਰਨ ਪੱਧਰ ਦੀ ਸਿੱਖਿਆ ਦਿੱਤੀ ਜਾਂਦੀ ਹੈ। ਮੇਰਾ ਮੰਨਣਾ ਹੈ ਕਿ ਬੀ.ਏ ਦੀ ਪ੍ਰੀਖਿਆ ਤੱਕ ਸਕੂਲ ਅਧਿਆਪਕ ਬੱਚਿਆਂ ਨੂੰ ਇਸੇ ਤਰ੍ਹਾਂ ਪੜ੍ਹਾਉਂਦੇ ਹਨ। ਅਜਿਹਾ ਨਹੀਂ ਹੈ ਕਿ ਅਸੀਂ ਇਸ ਨੂੰ ਸੁਧਾਰ ਨਹੀਂ ਸਕਦੇ। ਮੁੰਬਈ ਸ਼ਹਿਰ ਵਿੱਚ ਹੀ ਕਲਾ ਅਤੇ ਵਿਗਿਆਨ ਵਿਸ਼ੇ ਪੜ੍ਹਾਉਣ ਵਾਲੇ ਛੇ ਵੱਡੇ ਕਾਲਜ ਹਨ। ਅੱਜ ਦੇ ਰੁਝਾਨ ਅਨੁਸਾਰ ਹਰ ਕਾਲਜ ਯੂਨੀਵਰਸਿਟੀ ਨਾਲ ਜੁੜਿਆ ਹੋਇਆ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਹੋਂਦ ਇੱਕ ਵੱਖਰੇ ਸਕੂਲ ਵਾਂਗ ਹੈ, ਹੈ ਨਾ? ਹੁੰਦਾ ਇਹ ਹੈ ਕਿ ਇਨ੍ਹਾਂ ਛੇ ਕਾਲਜਾਂ ਵਿੱਚ ਇੱਕੋ ਵਿਸ਼ੇ ਨੂੰ ਵੱਖ-ਵੱਖ ਪ੍ਰੋਫੈਸਰਾਂ ਵੱਲੋਂ ਬਾਰ ਬਾਰ ਪੜ੍ਹਾਇਆ ਜਾਂਦਾ ਹੈ। ਇਸ ਨਾਲ ਇੱਕੋ ਕੰਮ ਦੀ ਅਰਥਹੀਣ ਦੁਹਰਾਈ ਹੁੰਦੀ ਹੈ। ਪਰ, ਮੰਨ ਲਓ ਕਿ ਇਨ੍ਹਾਂ ਵਿਸ਼ਿਆਂ ਦੀ ਬਜਾਏ, ਅਸੀਂ ਐਲਫਿੰਸਟਨ ਕਾਲਜ ਵਿੱਚ ਸਿਰਫ ਇਤਿਹਾਸ ਅਤੇ ਅਰਥ ਸ਼ਾਸਤਰ ਪੜ੍ਹਾਉਣ ਦਾ ਪ੍ਰਬੰਧ ਕਰਦੇ ਹਾਂ। ਜੇਕਰ ਇਨ੍ਹਾਂ ਵਿਸ਼ਿਆਂ ਨੂੰ ਪੜ੍ਹਾਉਣ ਦੇ ਚਾਹਵਾਨ ਪ੍ਰੋਫ਼ੈਸਰ ਸਿਰਫ਼ ਐਲਫ਼ਿੰਸਟਨ ਕਾਲਜ ਵਿੱਚ ਹੀ ਭੇਜੇ ਜਾਣ ਤਾਂ ਇੱਕੋ ਵਿਸ਼ੇ ਦੇ 7-8 ਪ੍ਰੋਫ਼ੈਸਰ ਇੱਕੋ ਥਾਂ ਮਿਲ ਜਾਣਗੇ। ਫਿਰ ਅਸੀਂ ਉਹਨਾਂ ਦੇ ਕੰਮ ਨੂੰ ਆਸਾਨੀ ਨਾਲ ਵੰਡ ਸਕਾਂਗੇ। ਇਕ ਪ੍ਰੋਫੈਸਰ 'ਪ੍ਰਾਚੀਨ ਭਾਰਤ' 'ਤੇ ਭਾਸ਼ਣ ਦੇਣਗੇ। ਇਕ ਹੋਰ ਪ੍ਰੋਫੈਸਰ - 'ਬੁੱਧ ਦਾ ਸਮਾਂ ਅਤੇ ਯਿਸੂ ਮਸੀਹ ਦੇ ਯੁੱਗ ਦੀ ਸ਼ੁਰੂਆਤ' ਵਿਸ਼ੇ 'ਤੇ ਭਾਸ਼ਣ ਦੇਣਗੇ। ਤੀਜੇ ਪ੍ਰੋਫੈਸਰ 'ਮੁਸਲਿਮ ਯੁੱਗ' ਵਿਸ਼ੇ 'ਤੇ ਭਾਸ਼ਣ ਦੇਣਗੇ। ਚੌਥਾ ਪ੍ਰੋਫੈਸਰ 'ਮਰਾਠਿਆਂ ਦਾ ਯੁੱਗ' ਵਿਸ਼ੇ 'ਤੇ ਭਾਸ਼ਣ ਦੇਣਗੇ ਅਤੇ ਪੰਜਵਾਂ ਪ੍ਰੋਫੈਸਰ 'ਬ੍ਰਿਟਿਸ਼ ਦਾ ਯੁੱਗ' ਵਿਸ਼ੇ 'ਤੇ ਭਾਸ਼ਣ ਦੇਣਗੇ। ਇਸ ਨਾਲ ਵਿਸ਼ਿਆਂ ਦੀ ਚੰਗੀ ਵੰਡ ਹੋਵੇਗੀ ਅਤੇ ਹਰ ਪ੍ਰੋਫੈਸਰ ਨੂੰ ਆਪਣੇ ਵਿਸ਼ੇ ਦਾ ਪੂਰਾ ਅਧਿਐਨ ਕਰਨ ਲਈ ਸਮਾਂ ਮਿਲੇਗਾ। ਇਸ ਨਾਲ ਹਰੇਕ ਪ੍ਰੋਫੈਸਰ ਨੂੰ ਆਪਣੇ ਵਿਸ਼ਿਆਂ 'ਤੇ ਖੋਜ ਲਈ ਤਿਆਰੀ ਕਰਨ ਲਈ ਵਧੇਰੇ ਸਮਾਂ ਮਿਲੇਗਾ। ਮੁੰਬਈ ਯੂਨੀਵਰਸਿਟੀ ਵਿੱਚ ਹੋਰ ਸੁਧਾਰ ਹੋਣ ਦੀ ਉਡੀਕ ਕਰਨ ਦੀ ਬਜਾਏ, ਆਓ ਪਹਿਲਾਂ ਇਸ ਬਹੁਤ ਹੀ ਸਧਾਰਨ ਸੁਧਾਰ ਨੂੰ ਤੁਰੰਤ ਲਾਗੂ ਕਰੀਏ। ਹਰ ਕਾਲਜ ਨੂੰ ਆਪਣੇ ਆਪ ਨੂੰ ਇੱਕ ਜਾਂ ਦੋ ਵਿਸ਼ਿਆਂ ਲਈ ਸਮਰਪਿਤ ਕਰਨਾ ਚਾਹੀਦਾ ਹੈ। ਇਸ ਨਾਲ ਉਸ ਕਾਲਜ ਵਿੱਚ ਉਸ ਵਿਸ਼ੇ ਨਾਲ ਸਬੰਧਤ ਸਾਰੇ ਪਾਠ ਇਕੱਠੇ ਕੀਤੇ ਜਾਣਗੇ। ਨੇੜੇ ਹੀ ਜ਼ਰੂਰੀ ਵਸਤਾਂ ਦਾ ਅਜਾਇਬ ਘਰ ਰੱਖਣ ਦਾ ਵੀ ਪ੍ਰਬੰਧ ਕੀਤਾ ਜਾ ਸਕਦਾ ਹੈ। ਸਾਰੇ ਕਾਲਜਾਂ ਦੇ ਪ੍ਰੋਫੈਸਰਾਂ ਨੂੰ ਵੱਖ-ਵੱਖ ਤਨਖ਼ਾਹਾਂ ਦੇਣ ਦੀ ਬਜਾਏ ਯੂਨੀਵਰਸਿਟੀ ਵੱਲੋਂ ਹੀ ਇੱਕੋ ਜਿਹੀ ਤਨਖ਼ਾਹ ਤੈਅ ਕਰਨੀ ਚਾਹੀਦੀ ਹੈ। ਇਸ ਨਾਲ ਅੱਜ ਵਾਂਗ ਵੱਖ-ਵੱਖ ਤਨਖ਼ਾਹਾਂ ਦੀ ਬਜਾਏ ਸਰਕਾਰੀ ਕਾਲਜਾਂ ਅਤੇ ਪ੍ਰਾਈਵੇਟ ਕਾਲਜਾਂ ਦੇ ਪ੍ਰੋਫੈਸਰਾਂ ਦੀਆਂ ਤਨਖ਼ਾਹਾਂ ਇੱਕੋ ਜਿਹੀਆਂ ਹੋਣਗੀਆਂ। ਤਨਖ਼ਾਹ ਦੀ ਸਮੱਸਿਆ ਦੇ ਹੱਲ ਅਤੇ ਕੰਮ ਦੀ ਸਹੀ ਵੰਡ ਹੋਣ ਤੋਂ ਬਾਅਦ ਸਿੱਖਿਆ ਅਤੇ ਖੋਜ ਦਾ ਕੰਮ ਤੇਜ਼ੀ ਨਾਲ ਸ਼ੁਰੂ ਹੋ ਜਾਵੇਗਾ।

ਮੇਰਾ ਮੰਨਣਾ ਹੈ ਕਿ ਪ੍ਰੋਫੈਸਰਾਂ ਨੂੰ ਆਪਣੀ ਪੜ੍ਹਾਈ ਅਤੇ ਅਧਿਆਪਨ ਲਈ ਇੰਨਾ ਸਮਰਪਿਤ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਕੋਲ ਆਪਣੇ ਘਰਾਂ ਨੂੰ ਸੰਭਾਲਣ ਦੀ ਫੁਰਸਤ ਵੀ ਨਹੀਂ ਹੋਣਾ ਚਾਹੀਦੀ। ਉਹ ਕੰਮ ਪੂਰੀ ਤਰ੍ਹਾਂ ਉਸ ਦੀ ਪਤਨੀ ਨੂੰ ਸੌਂਪਣਾ ਚਾਹੀਦਾ ਹੈ। ਮੈਂ ਇਹ ਸਵੀਕਾਰ ਨਹੀਂ ਕਰਦਾ ਕਿ ਪ੍ਰੋਫੈਸਰ ਬੇਕਾਰ ਕੰਮ ਲੈ ਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਵਧਾਉਂਦੇ ਹਨ। ਅਧਿਆਪਨ ਅਤੇ ਸਿੱਖਣ ਵਿੱਚ ਖੋਜ ਵੀ ਸ਼ਾਮਲ ਹੈ। ਇਨ੍ਹਾਂ ਤਿੰਨਾਂ ਗੱਲਾਂ ਤੋਂ ਇਲਾਵਾ ਪ੍ਰੋਫੈਸਰਾਂ ਨੂੰ ਕੋਈ ਹੋਰ ਕੰਮ ਨਹੀਂ ਕਰਨਾ ਚਾਹੀਦਾ।

# ਮਨਰੇਗਾ ਰੁਜ਼ਗਾਰ ਸਬੰਧੀ ਕਮਿਸ਼ਨਰ ਮਨਰੇਗਾ ਪੰਜਾਬ ਨੇ ਜ਼ਿਲ੍ਹੇ ਦੇ ਲੋਕਪਾਲ ਤੋਂ ਮੰਗੀ ਰਿਪੋਰਟ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 15 ਦਸੰਬਰ
INTERNATIONAL PAPER, 9463601616
hardipchumber57@gmail.com

ਰਾਹੋਂ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਮਨਰੇਗਾ (ਪੂਜਯ ਬਾਪੂ ਗ੍ਰਾਮੀਣ ਰੋਜ਼ਗਾਰ ਯੋਜਨਾ) ਦੇ ਰੁਜ਼ਗਾਰ ਨੂੰ ਲੈ ਕੇ ਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਐੱਨ ਐੱਲ ਓ) ਦੀ ਮੰਗ ਤੇ ਸੰਯੁਕਤ ਵਿਕਾਸ ਕਮਿਸ਼ਨਰ-ਕਮ-ਕਮਿਸ਼ਨਰ ਮਨਰੇਗਾ ਪੰਜਾਬ ਵੱਲੋਂ ਓਬਡਸਮੈਨ (ਲੋਕਪਾਲ) ਮਨਰੇਗਾ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਵਿ)-ਕਮ-ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਮਨਰੇਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ 10 ਦਿਨ ਦੇ ਅੰਦਰ ਅੰਦਰ ਨਿਯਮਾਂ ਰੂਲਾਂ ਤਹਿਤ ਰਿਪੋਰਟ ਭੇਜਣ ਲਈ ਆਦੇਸ਼ ਜਾਰੀ ਕੀਤੇ ਗਏ ਹਨ। ਸਟੇਟ ਪ੍ਰੋਜੈਕਟ ਹੈੱਡ ਮਨਰੇਗਾ ਰਾਹੀਂ ਜਾਰੀ ਕੀਤੇ ਗਏ ਇਨ੍ਹਾਂ ਆਦੇਸ਼ਾਂ ਵਿੱਚ ਇਸ ਰਿਪੋਰਟ ਦੀ ਇੱਕ ਕਾਪੀ ਮਜ਼ਦੂਰਾਂ ਦੀ ਅਗਵਾਈ ਕਰਦੀ ਇਸ ਔਰਗੇਨਾਈਜੇਸ਼ਨ ਦੇ ਕਨਵੀਨਰ ਬਲਦੇਵ ਭਾਰਤੀ ਨੂੰ ਵੀ ਸਿੱਧੇ ਤੌਰ ਤੇ ਭੇਜੇ ਜਾਣ ਲਈ ਕਿਹਾ ਗਿਆ ਹੈ। ਵਰਨਣਯੋਗ ਹੈ ਕਿ ਐੱਨ ਐੱਲ ਓ ਵੱਲੋਂ ਜ਼ਿਲ੍ਹੇ ਦੇ ਬਲਾਕ ਔੜ, ਬੰਗਾ ਅਤੇ ਨਵਾਂਸ਼ਹਿਰ ਦੇ ਪਿੰਡਾਂ ਸਕੋਹਪੁਰ, ਕਮਾਮ, ਪਠਲਾਵਾ, ਮਾਂਗਟ ਡੀਂਗਰੀਆਂ, ਮੁਸਾਪੁਰ, ਉਸਮਾਨਪੁਰ, ਸੋਇਤਾ, ਮਜਾਰਾ ਖੁਰਦ, ਪੱਲੀਆਂ ਖੁਰਦ, ਕਰਿਆਮ ਅਤੇ ਕਰੀਹਾ ਆਦਿ ਵਿੱਚ ਬੇਰੁਜ਼ਗਾਰ ਬੈਠੇ ਮਨਰੇਗਾ ਮਜ਼ਦੂਰਾਂ ਨੂੰ ਲਾਮਬੰਦ ਕਰਦਿਆਂ ਰੁਜ਼ਗਾਰ ਦੀ ਮੰਗ ਲਈ ਅਰਜ਼ੀਆਂ ਭੇਜੀਆਂ ਗਈਆਂ ਹਨ। ਪਰ ਇਨ੍ਹਾਂ ਮਜ਼ਦੂਰਾਂ ਨੂੰ ਢੁੱਕਵੇਂ ਸਮੇਂ ਦੇ ਅੰਦਰ ਰੁਜ਼ਗਾਰ ਨਹੀਂ ਮਿਲਿਆ ਅਤੇ ਮਜ਼ਦੂਰਾਂ ਵੱਲੋਂ ਰੁਜ਼ਗਾਰ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦੇਣ ਲਈ ਵੀ ਅਰਜ਼ੀਆਂ ਦਿੱਤੀਆਂ ਗਈਆਂ ਹਨ।ਇਹ ਜਾਣਕਾਰੀ ਦਿੰਦਿਆਂ ਐੱਨ ਐੱਲ ਓ ਮੁਖੀ ਬਲਦੇਵ ਭਾਰਤੀ



ਨੇ ਦੱਸਿਆ ਕਿ ਮਨਰੇਗਾ ਵਿੱਚ ਰੁਜ਼ਗਾਰ ਨਾ ਮਿਲਣ ਕਾਰਨ ਬਣੇ ਮਜ਼ਦੂਰਾਂ ਦੇ ਸਮੁੱਚੇ ਹਾਲਾਤਾਂ ਨੂੰ ਲੈ ਕੇ ਜੱਥੇਬੰਦੀ ਵੱਲੋਂ ਅਗਲੇ ਸੰਘਰਸ਼ ਦੀ ਰੂਪ ਰੇਖਾ ਵੀ ਤਿਆਰੀ ਕੀਤੀ ਜਾ ਰਹੀ ਹੈ। ਇਸ ਸੰਘਰਸ਼ ਵਿੱਚ 4 ਜਨਵਰੀ 2026 ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਸੰਗਰੂਰ ਦਾ ਘਿਰਾਓ ਦਾ ਪ੍ਰੋਗਰਾਮ ਵੀ ਸ਼ਾਮਲ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਨਸ਼ਿਆਂ ਖ਼ਿਲਾਫ਼ ਕਰਵਾਏ ਜਾਗਰੂਕਤਾ ਸੈਮੀਨਾਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 15 ਦਸੰਬਰ
INTERNATIONAL PAPER, 9463601616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਦੀ ਅਗਵਾਈ ਹੇਠ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ



ਖ਼ਿਲਾਫ ਜਾਗਰੂਕ ਕਰਨ ਦੇ ਮਨੋਰਥ ਨਾਲ ਜਾਗਰੂਕਤਾ ਸੈਮੀਨਾਰ ਗਏ। ਇਸ ਮੌਕੇ ਪੈਨਲ ਐਡਵੋਕੇਟ ਅਸ਼ੀਸ਼ ਜੇਤੀ, ਰੀਟੇਨਰ ਐਡਵੋਕੇਟ ਸਰਿਤਾ ਕਨਵਰ, ਪੈਨਲ ਐਡਵੋਕੇਟ ਬਰਜਿੰਦਰ ਸਿੰਘ, ਚੀਫ ਲੀਗਲ ਏਡ ਡਿਫੈਂਸ ਕੌਂਸਲ ਵਿਸ਼ਾਲ ਕੁਮਾਰ ਅਤੇ ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ ਹੁਸ਼ਿਆਰਪੁਰ ਸੰਦੀਪ ਵੱਲੋਂ ਜਾਗਰੂਕਤਾ ਸੈਮੀਨਾਰਾਂ ਦੀ ਪ੍ਰਧਾਨਗੀ ਕੀਤੀ ਗਈ।

ਸੈਮੀਨਾਰਾਂ ਦੌਰਾਨ ਨੌਜਵਾਨਾਂ ਅਤੇ ਭਾਈਚਾਰੇ ਨੂੰ ਇਸ ਮੁਹਿੰਮ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿਚ ਨਸ਼ੇ ਨੂੰ ਤਿਆਗ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਇਸ ਦੌਰਾਨ ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ-ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ 'ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ ਐਕਟ ਦੇ ਕਾਨੂੰਨੀ ਉਪਬੰਦਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਅਖ਼ੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋਂ ਪ੍ਰਚਾਰ ਸਮੱਗਰੀ ਵੰਡੀ ਗਈ।

# ਤਾਰੀ ਅਟਵਾਲ (ਯੂ.ਕੇ.) ਵੱਲੋਂ ਹਾਲ 'ਚ ਲਿਫ਼ਟ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਸਹਾਇਤਾ ਭੇਂਟ

“Equality and justice” Patiala 15 December
INTERNATIONAL PAPER, 9463601616
hardipchumber57@gmail.com

ਜਲੰਧਰ (ਸਤਨਾਮ ਸਿੰਘ ਸਹੂੰਗੜਾ) ਆਈ.ਡਬਲਿਊ.ਏ. (ਗ੍ਰੇਟ ਬ੍ਰਿਟੇਨ), ਸ਼ਹੀਦ ਉਧਮ ਸਿੰਘ ਸੈਂਟਰ ਬਰਮਿੰਘਮ ਅਤੇ ਹੋਰ ਲੋਕ-ਪੱਖੀ ਸੰਸਥਾਵਾਂ ਨਾਲ ਲੰਮੇ ਅਰਸੇ ਤੋਂ ਜੁੜੇ ਅਤੇ ਸਮੇਂ-ਸਮੇਂ ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਰਗਰਮੀਆਂ, ਮੇਲਾ ਗ਼ਦਰੀ ਬਾਬਿਆਂ ਦਾ ਨਾਲ ਜੁੜਕੇ ਰਹਿਣ ਅਤੇ ਆਰਥਕ ਸਹਾਇਤਾ ਕਰਨ ਵਾਲੇ ਸਾਥੀ ਅਵਤਾਰ ਸਿੰਘ ਤਾਰੀ (ਤਾਰੀ ਅਟਵਾਲ ਕਰਕੇ




ਜਾਣੇ ਜਾਂਦੇ) ਵੱਲੋਂ ਅੱਜ ਜਾਤੀ ਤੌਰ 'ਤੇ 5 ਲੱਖ ਰੁਪਏ ਦਾ ਚੈੱਕ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਹਾਲ ਅੰਦਰ ਲਿਫ਼ਟ ਲਾਉਣ ਲਈ ਬਰਮਿੰਘਮ (ਯੂ.ਕੇ.) ਤੋਂ ਆਏ ਕੁਲਵੰਤ ਸਿੰਘ ਕਮਲ (ਵਾਸੀ ਮਾਓ ਸਾਹਿਬ) ਰਾਹੀਂ ਭੇਂਟ ਕੀਤਾ। ਇਸ ਮੌਕੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਮੇਟੀ ਦੀ ਤਰਫ਼ੋਂ ਅਵਤਾਰ ਤਾਰੀ ਦਾ ਦਿਲੋਂ ਧੰਨਵਾਦ ਕੀਤਾ। ਚੈੱਕ ਪ੍ਰਾਪਤ ਕਰਦੇ ਸਮੇਂ ਹਾਜ਼ਰ ਸਮੂਹ ਕਮੇਟੀ ਮੈਂਬਰਾਂ ਨੇ ਤਾਰੀ ਅਟਵਾਲ ਨੂੰ ਨਿੱਘੀ ਮੁਹੱਬਤ ਭਰਿਆ ਸੁਨੇਹਾ ਕੁਲਵੰਤ ਕਮਲ ਦੇ ਹੱਥ ਭੇਜਦੇ ਹੋਏ ਮਾਣ ਮਹਿਸੂਸ ਕੀਤਾ ਕਿ ਉਹਨਾਂ ਦੀ ਇਹ ਅਮੁੱਲੀ ਦੇਣ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹੋਣ ਵਾਲੀਆਂ ਸਰਗਰਮੀਆਂ ਲਈ ਸਹਾਈ ਹੋਏਗੀ। ਕਮੇਟੀ ਨੇ ਕਿਹਾ ਕਿ ਆਪਣੀ ਮਹਾਨ ਇਤਿਹਾਸਕ ਵਿਰਾਸਤ ਨੂੰ ਸੰਭਾਲਣ ਅਤੇ ਇਸ ਦੀਆਂ ਸਰਗਰਮੀਆਂ ਨੂੰ ਸਹਾਈ ਹੋਣ ਲਈ ਅਜੇਹੇ ਉੱਦਮ ਕਰਨ 'ਤੇ ਕਮੇਟੀ ਨੂੰ ਅਥਾਹ ਮਾਣ ਹੈ। ਕੁਲਵੰਤ ਕਮਲ ਨੇ ਦੱਸਿਆ ਕਿ ਤਾਰੀ ਅਟਵਾਲ ਨੇ ਇਹ ਸੁਨੇਹਾ ਵੀ ਭੇਜਿਆ ਹੈ ਕਿ ਉਹ ਭਵਿੱਖ ਵਿੱਚ ਹੋਰ ਸਹਾਇਤਾ ਵੀ ਕਰਨਗੇ। ਇਸ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਡਾ. ਗੋਪਾਲ ਸਿੰਘ ਬੁੱਟਰ, ਕਮੇਟੀ ਮੈਂਬਰ ਅਮੋਲਕ ਸਿੰਘ, ਚਰੰਜੀ ਲਾਲ ਕੰਗਣੀਵਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਜਮੇਰ ਸਿੰਘ ਅਤੇ ਸੁਰਿੰਦਰ ਕੁਮਾਰੀ ਕੋਛੜ ਵੀ ਹਾਜ਼ਰ ਸਨ।

# ਮਨਜ਼ੂਰ ਸ਼ੁਦਾ ਅੰਬੇਡਕਰ ਚੌਂਕ ਨੂੰ ਮੁੜ ਤੋਂ ਉਸਾਰਿਆ ਜਾਵੇ, ਕਰੀਬ ਤੀਹ ਸਾਲ ਪਹਿਲਾਂ ਬਣਿਆ ਸੀ : ਢੋਸੀਵਾਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 15 ਦਸੰਬਰ
INTERNATIONAL PAPER, 9463601616
hardipchumber57@gmail.com

ਸ੍ਰੀ ਮੁਕਤਸਰ ਸਾਹਿਬ, 15 ਦਸੰਬਰ ( ) ਕਰੀਬ ਤਿੰਨ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਸਥਾਨਕ ਨਗਰ ਕੌਂਸਲ ਨੇ ਮਲੋਟ ਰੋਡ ਸਥਿਤ ਮੇਨ ਬੱਸ ਸਟੈਂਡ ਦੇ ਸਾਹਮਣੇ ਡਾ. ਅੰਬੇਡਕਰ ਚੌਂਕ ਦੀ ਪ੍ਰਵਾਨਗੀ ਦਿੱਤੀ ਸੀ। ਪੰਜਾਬ ਦੇ ਉਸ ਵੇਲੇ ਦੇ ਸਵਰਗਵਾਸੀ ਮੁੱਖ ਮੰਤਰੀ ਸ: ਬੇਅੰਤ ਸਿੰਘ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਉਸ ਵੇਲੇ ਦੇ ਮੰਤਰੀ ਗੁਲਜਾਰ ਸਿੰਘ ਵੱਲੋਂ ਬਕਾਇਦਾ ਤੌਰ 'ਤੇ ਇਸ ਚੌਂਕ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਇਹ ਚੌਂਕ ਬਣਨ ਨਾਲ ਸਮੂਹ ਸ਼ਹਿਰ ਨਿਵਾਸੀਆਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਸੀ। ਇਸੇ ਚੌਂਕ ਵਿੱਚ ਕੁਝ ਸਮੇਂ ਬਾਅਦ ਜਿਲ੍ਹੇ ਦੇ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਕਿਰਪਾ ਸ਼ੰਕਰ ਸਰੋਜ ਆਈ.ਏ.ਐੱਸ.ਨੇ ਸ਼ਾਨਦਾਰ



ਸਤੰਭ ਦੀ ਉਸਾਰੀ ਕਰਵਾਈ ਸੀ। ਚੌਂਕ ਵਿੱਚ ਐਸ.ਸੀ./ਬੀ.ਸੀ. ਸਮਾਜ ਦੇ ਲੋਕਾਂ ਵੱਲੋਂ ਕਈ ਵਾਰ ਮੀਟਿੰਗਾਂ ਵੀ ਕੀਤੀਆਂ ਜਾਂਦੀਆਂ ਸਨ ਅਤੇ ਅੰਬੇਡਕਰ ਜੈਯੰਤੀ ਤੇ ਪ੍ਰੀ-ਨਿਰਵਾਣ ਦਿਵਸ ਮੌਕੇ ਇਥੇ ਇਕੱਠ ਕਰਕੇ ਡਾ: ਅੰਬੇਡਕਰ ਨੂੰ ਯਾਦ ਕੀਤਾ ਜਾਂਦਾ ਸੀ। ਕੁਝ ਸਮੇਂ ਬਾਅਦ ਮੋਗੇ ਦੀ ਨੈਸਲੇ ਦੁੱਧ ਫੈਕਟਰੀ ਦੇ ਟੈਂਕਰ ਦੀ ਟੱਕਰ ਨਾਲ ਇਹ ਸਤੰਭ ਟੁੱਟ ਗਿਆ ਸੀ। ਪ੍ਰਸ਼ਾਸਨ ਵੱਲੋਂ ਇਸ ਸਤੰਭ ਦੀ ਸਹੀ ਢੰਗ ਨਾਲ ਦੇਖ ਰੇਖ ਨਾ ਕੀਤੀ ਗਈ ਅਤੇ ਹੌਲੀ ਹੌਲੀ ਇਹ ਨਸ਼ਟ ਹੋ ਗਿਆ। ਹੁਣ ਇਸ ਸਥਾਨ 'ਤੇ ਅੰਬੇਡਕਰ ਚੌਂਕ ਦੇ ਨਾਂ ਨੂੰ ਦਰਸਾਉਂਦੀ ਕੋਈ ਨਿਸ਼ਾਨੀ ਮੌਜੂਦ ਨਹੀਂ ਹੈ। ਨਾ ਤਾਂ ਨਗਰ ਕੌਂਸਲ ਅਤੇ ਨਾ ਹੀ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਵੱਲ ਕੋਈ ਧਿਆਨ ਦਿੱਤਾ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਕਿਹਾ ਹੈ ਕਿ ਅੰਬੇਡਕਰ ਚੌਂਕ ਵਿੱਚ ਕੋਈ ਡਿਸਪਲੇਅ ਬੋਰਡ ਜਾਂ ਹੋਰ ਕੋਈ ਯਾਦਗਾਰੀ ਸਤੰਭ ਨਾ ਬਣਾਏ ਜਾਣਾ ਬੇਹੱਦ ਨਿੰਦਣਯੋਗ ਹੈ। ਪ੍ਰਸ਼ਾਸਨ ਦੀ ਇਸ ਅਣਗਹਿਲੀ ਕਾਰਨ ਸਮਾਜ ਦੇ ਸਮੂਹ ਸੂਝਵਾਨ ਵਰਗ ਦੇ ਮਨਾਂ ਵਿੱਚ ਭਾਰੀ ਰੋਸ ਅਤੇ ਗੁੱਸਾ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਹੈ ਕਿ ਇੱਕ ਪਾਸੇ ਤਾਂ ਸਰਕਾਰ ਆਪਣੇ ਸਰਕਾਰੀ ਦਫਤਰਾਂ ਅਤੇ ਅਦਾਰਿਆਂ ਵਿੱਚ ਡਾ. ਅੰਬੇਡਕਰ ਦੀ ਫੋਟੋ ਲਾਉਣ ਨੂੰ ਲਾਜ਼ਮੀ ਕਰਾਰ ਦੇ ਰਹੀ ਹੈ ਅਤੇ ਦੂਜੇ ਪਾਸੇ ਆਪਣੀ ਹੋਂਦ ਗੁਆ ਚੁੱਕੇ ਮਨਜ਼ੂਰ ਸ਼ੁਦਾ ਅੰਬੇਡਕਰ ਚੌਂਕ ਨੂੰ ਮੁੜ ਤੋਂ ਸਥਾਪਿਤ ਕਰਨ ਲਈ ਕੋਈ ਧਿਆਨ ਨਹੀਂ ਦੇ ਰਹੀ। ਪ੍ਰਧਾਨ ਢੋਸੀਵਾਲ ਨੇ ਨਗਰ ਕੌਂਸਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਕਤ ਚੌਂਕ ਨੂੰ ਮੁੜ ਤੋਂ ਉਸਾਰਿਆ ਜਾਵੇ ਅਤੇ ਇਥੇ ਡਿਸਪਲੇਅ ਬੋਰਡ ਲਗਾਏ ਜਾਣ ਤਾਂ ਜੋ ਆਮ ਲੋਕਾਂ ਦੇ ਮਨਾਂ ਵਿੱਚ ਦਿਨੋਂ ਦਿਨ ਵੱਧ ਰਹੇ ਰੋਸ ਅਤੇ ਗੁੱਸੇ ਦੀ ਲਹਿਰ ਨੂੰ ਰੋਕਿਆ ਜਾ ਸਕੇ। ਢੋਸੀਵਾਲ ਨੇ ਇਹ ਵੀ ਦੱਸਿਆ ਹੈ ਕਿ ਉਹ ਜਲਦੀ ਹੀ ਇਸ ਚੌਂਕ ਦੀ ਪੁਨਰ ਉਸਾਰੀ ਲਈ ਸਥਾਨਕ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਅਤੇ ਪ੍ਰਧਾਨ ਨਾਲ ਮੁਲਾਕਾਤ ਕਰਨਗੇ।

# ਪੰਜਾਬ ਦੀਆਂ 15 ਅਧਿਆਪਕ ਜਥੇਬੰਦੀਆਂ ਵੱਲੋਂ ਚੋਣਾਂ ਦੌਰਾਨ ਹੋਈਆਂ ਧੱਕੇਸ਼ਾਹੀਆਂ ਖਿਲਾਫ ਸੰਘਰਸ਼ ਦਾ ਐਲਾਨ

“Equality and justice” Patiala 15 December
INTERNATIONAL PAPER, 9463601616
hardipchumber57@gmail.com

ਸੰਗਰੂਰ,15 ਦਸੰਬਰ ( ਜਗਸੀਰ ਲੌਂਗੋਵਾਲ)- ਬੀਤੇ ਦਿਨੀਂ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀ ਚੋਣ ਡਿਊਟੀ 'ਤੇ ਜਾ ਰਹੇ ਮੋਗਾ ਜਿਲ੍ਹੇ ਦੇ ਪਿੰਡ ਸੰਗਤਪੁਰਾ ਕੇਲ ਅਧਿਆਪਕ ਜੋੜੇ ਜਸਕਰਨ ਸਿੰਘ ਭੁੱਲਰ (ਵਾਸੀ ਧੂੜਕੋਟ ਰਣਸੀਂਹ, ਪੱਕੇ ਨਿਵਾਸੀ ਮਾਨਸਾ) ਅਤੇ ਉਹਨਾਂ ਦੀ ਪਤਨੀ ਕਮਲਜੀਤ ਕੌਰ ਦੀ ਸੰਘਣੀ ਧੁੰਦ ਕਾਰਨ ਕਾਰ ਸੂਏ ਦੇ ਪਾਣੀ ਵਿੱਚ ਡਿਗਣ ਕਾਰਣ ਮੌਕੇ 'ਤੇ ਬੇਵਕਤੀ ਮੌਤ ਹੋ ਹੋ ਗਈ ਇਸੇ ਤਰ੍ਹਾਂ ਰਾਜਵੀਰ ਕੌਰ ਐਸੋਸੀਏਟ ਅਧਿਆਪਕ ਜੋ ਅਪਣੀ ਚੋਣ ਡਿਊਟੀ ਕਾਰਣ ਲਈ ਆਪਣੇ ਪਤੀ ਮਲਕੀਤ ਸਿੰਘ ਨਾਲ ਜਾ ਰਹੇ ਸਨ ਉਹਨਾਂ ਦੀ ਗੱਡੀ ਵੀ ਸੁੱਕੇ ਸੂਏ ਵਿੱਚ ਜਾ ਡਿੱਗੀ ਜਿਸ ਕਾਰਣ ਉਹਨਾਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਪਟਿਆਲਾ ਵਿਖੇ ਜੇਰੇ ਇਲਾਜ ਹਨ। ਇਸੇ ਤਰ੍ਹਾਂ ਹੋਰ ਵੀ ਘਟਨਾਵਾਂ ਸਾਹਮਣੇ ਆਇਆਂ ਹਨ।

ਕਈ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਚੋਣ ਕਮਿਸ਼ਨ ਪੰਜਾਬ ਦੀਆਂ ਦਿਤੀਆਂ ਹਿਦਾਇਤਾਂ ਨੂੰ ਛਿੱਕੇ ਟੰਗ ਕੇ ਡਿਊਟੀਆਂ ਲਗਾਈਆਂ ਗਈਆਂ ਅਤੇ ਬੀ ਐਲ ਓ ਅਤੇ ਮਜਬੂਰੀ ਵੱਸ ਡਿਊਟੀ ਦੇ ਨਾਂ ਹਾਜਰ ਹੋਣ ਵਾਲੇ ਅਧਿਆਪਕ/ਕਰਮਚਾਰੀਆਂ ਉਪਰ ਪੁਲਿਸ ਪਰਚੇ ਦਰਜ ਕਰਨ ਦੇ ਹੁਕਮ ਚਾੜ੍ਹੇ ਗਏ ਹਨ। ਮੋਗਾ ਵਿਖੇ ਅਧਿਆਪਕ ਜੋੜੇ ਦੀ ਹੋਈ ਦਰਦਨਾਕ ਮੌਤ ਅਤੇ ਚੋਣ ਡਿਊਟੀਆਂ ਦੌਰਾਨ ਵਾਪਰੇ ਬਾਕੀ ਗੰਭੀਰ ਮਾਮਲਿਆਂ ਦੇ ਰੋਸ ਵਜੋਂ ਪੰਜਾਬ ਦੀਆਂ 15 ਪ੍ਰਮੁੱਖ ਅਧਿਆਪਕ ਜਥੇਬੰਦੀਆਂ ਨੇ ਹੰਗਾਮੀ ਆਨ ਲਾਈਨ ਮੀਟਿੰਗ ਕਰਕੇ ਪੰਜਾਬ ਸਰਕਾਰ ਅਤੇ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਕੀਤੀਆਂ ਧੱਕੇਸ਼ਾਹੀ ਖਿਲਾਫ ਇਕਜੁੱਟ ਹੋ ਕੇ ਸੰਘਰਸ਼ ਛੇੜਣ ਦਾ ਐਲਾਨ ਕੀਤਾ ਹੈ। ਸਮੂਹ ਜਥੇਬੰਦੀਆਂ ਵੱਲੋਂ 16 ਦਸੰਬਰ ਨੂੰ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਕੇ ਪੰਜਾਬ ਸਰਕਾਰ ਤੇ ਚੋਣ ਕਮਿਸ਼ਨ ਦੇ ਪੁਤਲੇ ਫੂਕਣ ਦਾ ਐਲਾਨ ਕੀਤਾ ਹੈ।

ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਮੋਗੇ ਵਿਖੇ ਹਾਦਸੇ ਵਿੱਚ ਮਾਰੇ ਗਏ ਦੋਵੇਂ ਅਧਿਆਪਕਾਂ ਦੇ ਪਰਿਵਾਰ ਨੂੰ 2-2 ਕਰੋੜ ਰੁਪਏ ਮੁਆਵਜਾ ਤੁਰੰਤ ਜਾਰੀ ਕਰਨ, ਉਹਨਾਂ ਦੇ ਬੱਚਿਆਂ ਲਈ ਪੜ੍ਹਾਈ ਪੂਰੀ ਕਰਨ ਤੱਕ ਦਾ ਸਾਰਾ ਖਰਚ ਉਠਾਉਣ ਅਤੇ ਬੱਚਿਆਂ ਦੇ ਬਾਲਗ ਹੋਣ 'ਤੇ ਨੌਕਰੀ ਦਾ ਪ੍ਰਬੰਧ ਕਰਨ, ਮੁਣਕ ਹਾਦਸੇ ਵਿੱਚ ਜਖਮੀ ਹੋਈ ਅਧਿਆਪਕਾ ਰਾਜਵੀਰ ਕੌਰ ਦੇ ਇਲਾਜ ਦਾ ਸਾਰਾ ਖਰਚ ਉਠਾਉਣ ਦੇਣ ਦੇ ਨਾਲ 20 ਲੱਖ ਰੁਪਏ ਮੁਆਵਜਾ ਰਾਸ਼ੀ ਦੇਣ ਅਤੇ ਠੀਕ ਹੋਣ ਤੱਕ ਡਿਊਟੀ 'ਤੇ ਹਾਜਰ ਮੰਨਿਆ ਦੀ ਮੰਗ ਰੱਖੀ ਗਈ। ਅਧਿਆਪਕ ਆਗੂਆਂ ਨੇ ਦੱਸਿਆ ਕਿ ਬੀਐਲਓ ਅਤੇ ਹੋਰ ਅਧਿਆਪਕ ਜਿਹੜੇ ਮਜਬੂਰੀ ਵਸ ਚੋਣ ਡਿਊਟੀ 'ਤੇ ਹਾਜਰ ਨਹੀਂ ਹੋ ਸਕੇ, ਉਹਨਾਂ ਦੇ ਖਿਲਾਫ ਕੱਢੇ ਕਾਰਨ ਦੱਸੋ ਨੋਟਿਸ ਅਤੇ ਪੁਲਿਸ ਪਰਚੇ ਦਰਜ ਕਰਨ ਦੇ ਦਿੱਤੇ ਹੁਕਮ ਵਾਪਸ ਲੈਣ, ਸਮੂਹ ਅਧਿਆਪਕਾਂ ਨੂੰ ਬੀ ਐਲ ਓਜ਼ ਡਿਊਟੀ ਤੋਂ ਫਾਰਗ ਕਰਨ ਦੀਆਂ ਮੰਗਾਂ ਇਹਨਾਂ ਜਿਲ੍ਹਾ ਪੱਧਰੀ ਐਕਸ਼ਨਾਂ ਵਿੱਚ ਉਠਾਉਣ ਦੇ ਨਾਲ ਨਾਲ ਸੰਘਰਸ਼ ਨੂੰ ਵੱਡੇ ਪੱਧਰ 'ਤੇ ਮਘਾਉਣ ਦਾ ਫ਼ੈਸਲਾ ਕੀਤਾ ਗਿਆ।

ਇਸ ਮੌਕੇ ਵੱਖ ਵੱਖ ਜਥੇਬੰਦੀਆਂ ਦੇ ਸੂਬਾਈ ਆਗੂਆਂ ਦਿਗਵਿਜੈਪਾਲ ਸ਼ਰਮਾ, ਵਿਕਰਮਦੇਵ ਸਿੰਘ ਸੁਖਵਿੰਦਰ ਚਾਹਲ, ਨਵਪ੍ਰੀਤ ਬੱਲੀ, ਬਲਜਿੰਦਰ ਸਿੰਘ ਧਾਲੀਵਾਲ, ਹਰਜਿੰਦਰਪਾਲ ਪੰਨੂ, ਲੱਛਮਣ ਸਿੰਘ ਨਬੀਪੁਰ, ਸੁਰਿੰਦਰ ਪੁਆਰੀ, ਪ੍ਰਗਟਜੀਤ ਸਿੰਘ ਕਿਸ਼ਨਪੁਰਾ, ਦੀਪਕ ਕੰਬੋਜ, ਹਰਜੰਟ ਸਿੰਘ, ਹਰਜਿੰਦਰ ਸਿੰਘ, ਪਤਵੰਤ ਸਿੰਘ, ਸੰਦੀਪ ਗਿੱਲ ਅਤੇ ਗੁਰਮੇਲ ਕੁਲਰੀਆਂ ਸ਼ਾਮਲ ਸਨ, ਇਹਨਾਂ ਤੋਂ ਇਲਾਵਾ ਰੇਸ਼ਮ ਬਠਿੰਡਾ, ਗੁਰਵਿੰਦਰ ਸਿੰਘ ਸਸਕੌਰ, ਮਹਿੰਦਰ ਕੌੜਿਆਂ ਵਾਲੀ, ਗੁਰਮੀਤ ਸਿੰਘ ਭੁੱਲਰ, ਕਿਸ਼ਨ ਸਿੰਘ ਦੁਗਾਂ, ਸੁਰਿੰਦਰ ਕੰਬੋਜ, ਸੁਖਵਿੰਦਰ ਸਿੰਘ ਸੁੱਖੀ, ਸ਼ਲਿੰਦਰ ਕੰਬੋਜ, ਹਰਮਨ ਪ੍ਰੀਤ ਸਿੰਘ ਅਤੇ ਹੋਰ ਆਗੂ ਸ਼ਾਮਿਲ ਰਹੇ।

# ਲਿਬਰਲਜ਼ ਹਾਕੀ ਟੂਰਨਾਮੈਂਟ ਦਾ ਸ਼ਾਨਦਾਰ ਆਗਾਜ਼

## ਪਹਿਲੇ ਦਿਨ ਸਾਂਈ ਇੰਫਾਲ ਤੇ ਅਕੈਡਮੀ ਜਰਖੜ ਨੇ ਜਿੱਤੇ ਮੈਚ

"Equality and justice" Patiala 15 December INTERNATIONAL PAPER, 94636 01616 hardipchumber57@gmail.com



ਨਾਭਾ,15 ਦਸੰਬਰ (ਬੇਅੰਤ ਸਿੰਘ ਰੋਹਟੀ ਖਾਸ)48ਵੇਂ ਜੀਐਸ ਬੈਂਸ ਲਿਬਰਲਜ਼ ਸਰਬ ਭਾਰਤੀ ਹਾਕੀ ਟੂਰਨਾਮੈਂਟ ਦਾ ਸਥਾਨਕ ਪੰਜਾਬ ਪਬਲਿਕ ਸਕੂਲ ਗਰਾਊਂਡ ਵਿਖੇ ਸ਼ਾਨਦਾਰ ਆਗਾਜ਼ ਹੋਇਆ। ਟੂਰਨਾਮੈਂਟ ਦੇ ਪਹਿਲੇ ਦਿਨ ਦੋ ਮੈਚ ਖੇਡੇ ਗਏ। ਪਹਿਲਾਂ ਮੈਚ ਸਾਈ ਇੰਫਾਲ ਤੇ ਐਮਆਰਐਸ ਹਾਕੀ ਅਕੈਡਮੀ ਅੰਮ੍ਰਿਤਸਰ ਦਰਮਿਆਨ ਤੇ ਦੂਸਰਾ ਮੈਚ ਐਮਐਸ ਕੇ ਹਾਕੀ ਅਕੈਡਮੀ ਜਰਖੜ ਤੇ ਐਸਐਫ ਬੀ ਐਨਸੀਆਰ ਅਕੈਡਮੀ ਸੋਨੀਪਤ ਦਰਮਿਆਨ ਖੇਡਿਆ ਗਿਆ। ਇਸ ਤੋਂ ਪਹਿਲਾਂ ਟੂਰਨਾਮੈਂਟ ਦਾ ਉਦਘਾਟਨ ਐਮਐਲਏ ਗੁਰਦੇਵ ਸਿੰਘ ਦੇ ਮਾਨ ਨੇ ਲਿਬਰਲ ਸੋਸਾਇਟੀ ਦਾ ਝੰਡਾ ਲਹਿਰਾ ਕੇ ਕੀਤਾ। ਇਸ ਮੌਕੇ ਆਤਿਸ਼ਬਾਜੀ ਦਾ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਲਿਬਰਲਜ਼ ਸੋਸਾਇਟੀ ਦੇ ਪ੍ਰਧਾਨ ਗੁਰਕਰਨ ਸਿੰਘ ਬੈਂਸ ਨੇ ਵਿਧਾਇਕ ਦਾ ਸਵਾਗਤ ਕਰਦੇ ਹੋਏ ਲਿਬਰਲਜ਼ ਸੁਸਾਇਟੀ ਬਾਰੇ ਜਾਣਕਾਰੀ ਵੀ ਦਿੱਤੀ। ਇਸ ਮੌਕੇ ਮੁੱਖ ਮਹਿਮਾਨ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਸੁਸਾਇਟੀ ਦੇ ਮੀਤ ਪ੍ਰਧਾਨ ਗੁਰਜੀਤ ਸਿੰਘ ਬੈਂਸ, ਰੁਪਿੰਦਰ ਸਿੰਘ ਗਰੇਵਾਲ, ਸੂਰਜ ਭਾਨ ਸਿੰਗਲਾ, ਅਸ਼ੋਕ ਬਾਂਸਲ, ਜਤਿੰਦਰ ਸਿੰਘ ਦਾਖੀ, ਦਲਵੀਰ ਸਿੰਘ ਬਸੰਤ, ਐਡਵੋਕੇਟ ਗੁਰਜਿੰਦਰ ਸਿੰਘ ਧਾਲੀਵਾਲ, ਪ੍ਰਿੰਸੀਪਲ ਕੁਲਬੀਰ ਸਿੰਘ, ਕੋਚ ਅਜੇ ਸਿੰਘ ਭੁਰੀਆ, ਹਰਦੀਪ ਸਿੰਘ ਵੀ ਮੌਜੂਦ ਸਨ। ਟੂਰਨਾਮੈਂਟ ਦੇ ਸ਼ੁਰੂਆਤੀ ਪਹਿਲੇ ਮੈਚ ਵਿਚ ਸਾਈ ਇੰਫਾਲ ਨੇ ਆਪਣੇ ਵਿਰੋਧੀ ਐਮਆਰ ਐਸ ਹਾਕੀ ਅਕੈਡਮੀ ਅੰਮ੍ਰਿਤਸਰ ਨੂੰ 5-1ਨਾਲ ਹਰਾਕੇ ਅਗਲੇ ਦੌਰ ਵਿਚ ਪਰਵੇਸ਼ ਕੀਤਾ। ਦੂਜਾ ਮੈਚ ਐਮਐਸ ਕੇ ਹਾਕੀ ਅਕੈਡਮੀ ਜਰਖੜ ਤੇ ਇਹ ਮੈਚ ਐਸ ਐਫ ਬੀ ਐਨਸੀ ਆਰ ਅਕੈਡਮੀ ਸੋਨੀਪਤ ਦਰਮਿਆਨ ਖੇਡਿਆ ਗਿਆ। ਇਹ ਮੈਚ ਐਮ ਐਸ ਕੇ ਹਾਕੀ ਅਕੈਡਮੀ ਜਰਖੜ ਨੇ 6-0ਨਾਲ ਜਿੱਤਿਆ।ਇਸ ਮੌਕੇ ਜਤਿੰਦਰ ਸਿੰਘ ਬਹਿਰੀ,ਇੰਸਪੈਕਟਰ ਸਰਬਜੀਤ ਸਿੰਘ ਚੀਮਾ, ਨਰਿੰਦਰ ਬਾਂਸਲ, ਮੋਹਨ ਸਿੰਘ ਸਿੱਧੂ,ਦੀਪਕ ਨਾਗਪਲ ਹਾਜ਼ਰ ਸਨ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਟੂਰਨਾਮੈਂਟ ਦੇ ਮੀਡੀਆ ਇੰਚਾਰਜ ਗੁਰਿੰਦਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਮੰਗਲਵਾਰ ਨੂੰ ਚਾਰ ਮੈਚ ਖੇਡੇ ਜਾਣਗੇ।

# ਚੰਡੀਗੜ੍ਹ: ਸੈਕਟਰ-25 ਵਿੱਚ ਗਊ ਮਾਸ ਦੀ ਕਥਿਤ ਸਪਲਾਈ ਮਾਮਲੇ ਨੇ ਮਚਾਇਆ ਹੰਗਾਮਾ, ਇਕ ਵਿਅਕਤੀ ਕਾਬੂ

"Equality and justice" Patiala 15 December INTERNATIONAL PAPER, 94636 01616 hardipchumber57@gmail.com



ਚੰਡੀਗੜ੍ਹ ਦੇ ਸੈਕਟਰ-25 ਸਥਿਤ ਕਬਰਿਸਤਾਨ ਦੇ ਨੇੜੇ ਸ਼ੁੱਕਰਵਾਰ ਸਵੇਰੇ ਉਸ ਵੇਲੇ ਤਣਾਅਪੂਰਨ ਹਾਲਾਤ ਬਣ ਗਏ, ਜਦੋਂ ਹਿੰਦੂ ਜਥੇਬੰਦੀਆਂ ਦੇ ਕਾਰਕੁਨਾਂ ਨੇ ਕਥਿਤ ਤੌਰ ’ਤੇ ਗਊ ਮਾਸ ਦੀ ਸਪਲਾਈ ਕਰਦੇ ਇੱਕ ਵਿਅਕਤੀ ਨੂੰ ਕਾਬੂ ਕਰ ਲਿਆ। ਘਟਨਾ ਦੀ ਖ਼ਬਰ ਫੈਲਦਿਆਂ ਹੀ ਇਲਾਕੇ ਵਿੱਚ ਭਾਰੀ ਹੰਗਾਮਾ ਹੋ ਗਿਆ ਅਤੇ ਮੌਕੇ ’ਤੇ ਪੁਲਿਸ ਨੂੰ ਦਖ਼ਲ ਦੇਣਾ ਪਿਆ।

ਵਿਸ਼ਵ ਹਿੰਦੂ ਪ੍ਰੀਸ਼ਦ ਚੰਡੀਗੜ੍ਹ ਦੇ ਆਗੂ ਅੰਕੁਸ਼ ਗੁਪਤਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਪਹਿਲਾਂ ਹੀ ਪੱਕੀ ਸੂਚਨਾ ਸੀ ਕਿ ਸੈਕਟਰ-25 ਇਲਾਕੇ ਵਿੱਚ ਗਊ ਮਾਸ ਦੀ ਸਪਲਾਈ ਹੋਣੀ ਹੈ। ਇਸ ਸੂਚਨਾ ਦੇ ਆਧਾਰ ’ਤੇ ਗਊ ਰੱਖਿਆ ਦਲ ਦੇ ਅਹੁਦੇਦਾਰਾਂ ਵਿਕਾਸ ਸ਼ਰਮਾ, ਰੋਹਿਤ ਰਾਓ, ਸੁਨੀਲ ਬਗੜੀ, ਸੋਨੂ, ਅਮਿਤ ਸਮੇਤ ਹੋਰ ਸਾਥੀਆਂ ਨੇ ਸਵੇਰੇ ਹੀ ਇਲਾਕੇ ਵਿੱਚ ਨਾਕਾਬੰਦੀ ਕਰ ਲਈ।

ਜਾਣਕਾਰੀ ਮੁਤਾਬਕ, ਇੱਕ ਵਿਅਕਤੀ ਆਟੋ ਰਿਕਸ਼ਾ ਰਾਹੀਂ ਕਬਰਿਸਤਾਨ ਅੰਦਰ ਕੁਝ ਸਮਾਨ ਦੇ ਕੇ ਵਾਪਸ ਆ ਰਿਹਾ ਸੀ। ਜਿਵੇਂ ਹੀ ਉਹ ਸੈਕਟਰ 25/38 ਦੇ ਲਾਈਟ ਪੁਆਇੰਟ ਨੇੜੇ ਪਹੁੰਚਿਆ, ਹਿੰਦੂ ਜਥੇਬੰਦੀਆਂ ਦੇ ਕਾਰਕੁਨਾਂ ਨੇ ਉਸਨੂੰ ਘੇਰ ਲਿਆ। ਤਲਾਸ਼ੀ ਦੌਰਾਨ ਉਸ ਕੋਲੋਂ ਇੱਕ ਬੋਰੀ ਵਿੱਚ ਮਾਸ ਬਰਾਮਦ ਹੋਇਆ, ਜਿਸ ਤੋਂ ਬਾਅਦ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਗਿਆ।

ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਹਾਲਾਤ ਕਾਬੂ ਵਿੱਚ ਲਏ ਅਤੇ ਮੁਲਜ਼ਮ ਨੂੰ ਸੈਕਟਰ-24 ਸਥਿਤ ਪੁਲਿਸ ਚੌਂਕੀ ਲਿਜਾਇਆ ਗਿਆ, ਜਿੱਥੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਅੰਕੁਸ਼ ਗੁਪਤਾ ਨੇ ਦੋਸ਼ ਲਾਇਆ ਕਿ ਮੁਲਜ਼ਮ ਪਹਿਲਾਂ ਸੈਕਟਰ-27 ਵਿੱਚ ਮਾਸ ਦੀ ਸਪਲਾਈ ਕਰ ਚੁੱਕਾ ਸੀ ਅਤੇ ਬਾਅਦ ਵਿੱਚ ਜੁਝਾਰਨਗਰ (ਮੋਹਾਲੀ ਬਾਰਡਰ ਨੇੜੇ) ਵੱਲ ਜਾ ਰਿਹਾ ਸੀ।

